



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 108 Wednesday, June 05, 2019 Tel: 905-793-2202 | Fax: 905-793-2282 | news@punjabipost.ca






To view our online newspaper visit **punjabipost.ca/epaper**

***THE ONLY DAILY PUNJABI NEWS***

*ਹੁਣ ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*





*Terms and conditions apply. Issued by HSBC Bank Canada and HSBC Investment Funds (Canada) Inc. [1]Waived fee for transfers valued under $10K CAD from HSBC Bank Canada personal accounts. Currency of wire must differ from account currency. CAD equivalent is determined at time the transfer is processed. Exchange rate will apply, additional agency/beneficiary bank fees may apply.

JEYA TRANSPORT LTD.

LOOKING FOR LONG/SHORT HAULS

A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

416-832-7131 / 905-564-8851

202-2386 Haines Rd., Mississauga, ON

www.jeyatransport.com
Email: ramesh@jeyatransport.com

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance

All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ALLKIND INSURANCE
NOW HIRING !!!
- LIFE INSURANCE
- SUPER VISA INSURANCE
- CRITICAL ILLNESS INS
- MORTGAGE INSURANCE
- TRAVEL & VISITOR INS
- DISABILITY INSURANCE
- RESP & TFSA & RRSP
- FUNERAL INSURANCE

SIMRAN SAINI 416.994.7272 www.allkindinsurance.com

JOSHI LAW OFFICE
Barrister, Solicitor & Notary Public
info@joshilawoffice.com | joshilawoffice.com
- Immigration
- Real Estate / Commercial Law
- Affidavit / Power of Attorney

6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture. Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਮੂਲਵਾਸੀ ਮਹਿਲਾਵਾਂ ਦੀ ਨਸਲਕੁਸ਼ੀ ਸਬੰਧੀ ਲੱਭਤਾਂ ਨੂੰ ਟਰੂਡੋ ਨੇ ਕੀਤਾ ਸਵੀਕਾਰ

ਵੈਨਕੂਵਰ, 4 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਉਹ ਇਹ ਲੱਭਤਾਂ ਨੂੰ ਸਵੀਕਾਰ ਕਰਦੇ ਹਨ ਕਿ ਲਾਪਤਾ ਅਤੇ ਕਤਲ ਕੀਤੀਆਂ ਗਈਆਂ ਮੂਲਵਾਸੀ ਮਹਿਲਾਵਾਂ ਤੇ ਕੁੜੀਆਂ ਸਬੰਧੀ ਕੈਨੇਡਾ ਦਾ ਵਿਵਹਾਰ ਨਸਲਕੁਸ਼ੀ ਵਾਲਾ ਹੀ ਹੈ।



ਜ਼ਿਕਰਯੋਗ ਹੈ ਕਿ ਲਾਪਤਾ ਤੇ ਕਤਲ ਕੀਤੀਆਂ ਗਈਆਂ ਮੂਲਵਾਸੀ ਮਹਿਲਾਵਾਂ ਤੇ ਕੁੜੀਆਂ ਸਬੰਧੀ ਨੈਸ਼ਨਲ ਇਨਕੁਆਰੀ ਸਬੰਧੀ ਸੋਮਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਵਿੱਚ ਨਸਲਕੁਸ਼ੀ ਲਫਜ਼ ਦੀ ਵਾਰੀ ਵਾਰੀ ਵਰਤੋਂ ਕੀਤੇ ਜਾਣ ਤੋਂ ਬਾਅਦ ਹੀ ਇਸ ਸਬੰਧੀ ਬਹਿਸ ਛਿੜ ਪਈ। ਟਰੂਡੋ ਨੇ ਆਖਿਆ ਕਿ ਲੋਕ ਐਨੇ ਭਾਰੇ ਲਫਜ਼ ਦੀ ਵਰਤੋਂ ਨੂੰ ਲੈ ਕੇ ਚਰਚਾ ਕਰ ਰਹੇ ਹਨ ਜਦਕਿ ਸਾਡਾ ਧਿਆਨ ਇਸ ਗੱਲ ਉੱਤੇ ਕੇਂਦਰਿਤ ਹੋਣਾ ਚਾਹੀਦਾ ਹੈ ਕਿ ਇਸ ਜਾਂਚ ਰਾਹੀਂ ਉਠਾਏ ਗਏ ਮੁੱਦਿਆਂ ਨੂੰ ਖ਼ਤਮ ਕਿਸ ਤਰ੍ਹਾਂ ਕੀਤਾ ਜਾਵੇ।

ਟਰੂਡੋ ਨੇ ਆਖਿਆ ਕਿ ਸਾਡਾ ਧਿਆਨ ਉਨ੍ਹਾਂ ਪਰਿਵਾਰਾਂ ਤੇ ਕਮਿਊਨਿਟੀਜ਼ ਉੱਤੇ ਕੇਂਦਰਿਤ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਐਨਾ ਵੱਡਾ ਘਾਟਾ ਸਿਹਾ ਹੈ। ਉਨ੍ਹਾਂ ਆਖਿਆ ਕਿ ਲਾਪਤਾ ਤੇ ਕਤਲ ਕੀਤੀਆਂ ਗਈਆਂ ਮੂਲਵਾਸੀ ਔਰਤਾਂ ਦੇ ਮਾਮਲਿਆਂ ਨੂੰ ਹੌਲੇ ਵਿੱਚ ਲੈਣ ਦੇ ਰੁਝਾਨ ਦਾ ਖ਼ਤਮ ਹੋਣਾ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਲੋਕਾਂ ਨੂੰ ਇੱਕਜੁੱਟ ਕਰਨ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਪਰਿਵਾਰਾਂ ਉੱਤੇ ਇਸ ਦਾ ਜਿਹੜਾ ਅਸਰ ਪਿਆ ਹੈ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਟਰੂਡੋ ਨੇ ਅੱਗੇ ਆਖਿਆ ਕਿ ਜਦੋਂ ਤੱਕ ਇਸ ਸਮੱਸਿਆ ਦਾ ਸਦਾ ਲਈ ਕੋਈ ਠੋਸ ਹੱਲ ਨਹੀਂ ਕੱਢ ਲਿਆ ਜਾਂਦਾ ਉਦੋਂ ਤੱਕ ਅਸੀਂ ਅਜਿਹਾ ਦੇਸ਼ ਹੋਣ ਦਾ ਦਿਖਾਵਾ ਨਹੀਂ ਕਰ ਸਕਦੇ ਜਿਹੜਾ ਮਨੁੱਖੀ ਅਧਿਕਾਰਾਂ ਦੀ ਪਰਵਾਹ ਕਰਦਾ ਹੈ, ਜਿਸ ਦਾ ਦੁਨੀਆ ਉੱਤੇ ਸਕਾਰਾਤਮਕ ਪ੍ਰਭਾਵ ਹੈ। 2023 ਤੋਂ ਦੁਨੀਆ ਭਰ ਵਿੱਚ ਸ਼ੁਰੂ ਹੋਣ ਜਾ ਰਹੇ ਮਹਿਲਾਵਾਂ ਦੀ ਸਿਹਤ ਤੇ ਅਧਿਕਾਰਾਂ ਦੀ ਰਾਖੀ ਦੇ ਉਪਰਾਲੇ ਲਈ 1.4 ਬਿਲੀਅਨ ਡਾਲਰ ਸਾਲਾਨਾ ਤੌਰ ਉੱਤੇ ਨਿਵੇਸ਼ ਕਰਨ ਦਾ ਐਲਾਨ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਉਕਤ ਟਿੱਪਣੀਆਂ ਕੀਤੀਆਂ ਗਈਆਂ। ਲਿੰਗਕ ਸਮਾਨਤਾ ਬਾਰੇ ਵੂਮਨ ਡਲਿਵਰ 2019 ਕਾਨਫਰੰਸ ਵਿੱਚ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਟਿੱਪਣੀਆਂ ਕੀਤੀਆਂ।

ਟਰੂਡੋ ਦੀਆਂ ਇਨ੍ਹਾਂ ਟਿੱਪਣੀਆਂ ਬਾਰੇ ਦ ਨੈਸ਼ਨਲ ਇਨਕੁਆਰੀ ਵੱਲੋਂ ਬਿਆਨ ਜਾਰੀ ਕਰਕੇ ਆਖਿਆ ਗਿਆ ਕਿ ਸੱਚ ਤੇ ਸੁਲ੍ਹਾ ਦੇ ਇਸ ਸਫਰ ਵਿੱਚ ਇਹ ਇੱਕ ਅਹਿਮ ਪਲ ਹੈ। ਬਿਆਨ ਵਿੱਚ ਆਖਿਆ ਗਿਆ ਕਿ ਫੈਡਰਲ ਸਰਕਾਰ ਵੱਲੋਂ ਸਾਡੀਆਂ ਲੱਭਤਾਂ ਖਾਸਤੌਰ ਉੱਤੇ ਨਸਲਕੁਸ਼ੀ ਬਾਰੇ ਪਰਿਵਾਰਾਂ ਤੇ ਸਰਵਾਈਵਰਜ਼ ਵੱਲੋਂ ਜਿਹੜੀ ਹਕੀਕਤ ਬਿਆਨ ਕੀਤੀ ਗਈ ਹੈ, ਉਸ ਨੂੰ ਸਵੀਕਾਰ ਕਰਨਾ ਸਾਡੇ ਲਈ ਵੱਡੀ ਗੱਲ ਹੈ।

## ਅੱਜ ਨਾਮਾ

ਅਹੁਦਾ ਸਾਂਭਿਆ ਸ਼ਾਹ ਤੇ ਉੱਠ ਤੁਰਿਆ,
ਮੁਸ਼ਕਲ ਕਰਨ ਕਸ਼ਮੀਰ ਦੀ ਹੱਲ ਬੇਲੀ।
ਲਾਈ ਨਾਲ ਗਵਰਨਰ ਦੇ ਇੱਕ ਮੀਟਿੰਗ,
ਕਰ ਲਊ ਹੋਰਾਂ ਦੇ ਨਾਲ ਉਹ ਗੱਲ ਬੇਲੀ।
ਕਰਿਆ ਪਹਿਲਾਂ ਹੈ ਪੈਂਤੜਾ ਤੈਅ ਉਹਨੇ,
ਮਗਰੋਂ ਓਧਰ ਨੂੰ ਪਿਆ ਉਹ ਚੱਲ ਬੇਲੀ।
ਅੱਗੋਂ ਖੜੀ ਮਹਿਬੂਬਾ ਵੀ ਭੜਕ ਮੂਹਰੇ,
ਸਾਂਝ ਸੱਤਾ ਦੀ ਜੀਹਦੀ ਸੀ ਕੱਲ੍ਹ ਬੇਲੀ।
ਚੁੱਕ ਕੇ ਕਦਮ ਫਿਰ ਮੋੜਨਾ ਬੜਾ ਔਖਾ,
ਵਧਦਾ ਜਾਣਾ ਸੁਖਾਲੀ ਨਹੀਂ ਬਾਤ ਬੇਲੀ।
ਪੈਂਦਾ ਪੈਂਤੜਾ ਕਿਸੇ ਦੇ ਸਮਝ ਨਹੀਂ ਜੀ,
ਵਿਛੀ ਸੜਕਾਂ ਦੇ ਉੱਪਰ ਬਿਸਾਤ ਬੇਲੀ।

ਤੀਸ ਮਾਰ ਖਾਂ

# ਮਹਿਲਾਵਾਂ ਦੀ ਸਿਹਤ ਵਿੱਚ ਸੁਧਾਰ ਲਈ ਟਰੂਡੋ ਵੱਲੋਂ 1.4 ਬਿਲੀਅਨ ਡਾਲਰ ਦੇਣ ਦਾ ਵਾਅਦਾ

ਓਟਵਾ, 4 ਜੂਨ (ਪੋਸਟ ਬਿਊਰੋ) : ਕੌਮਾਂਤਰੀ ਪੱਧਰ ਉੱਤੇ ਸੈਕਸੂਅਲ, ਰਿਪਰੋਡਕਟਿਵ, ਮੈਟਰਨਲ, ਨਿਊਬੌਰਨ ਤੇ ਚਾਈਲਡ ਹੈਲਥ ਲਈ ਸਾਲਾਨਾ ਪੱਧਰ ਉੱਤੇ ਪਾਏ ਜਾਣ ਵਾਲੇ ਯੋਗਦਾਨ ਵਿੱਚ ਫੈਡਰਲ ਸਰਕਾਰ ਵੱਲੋਂ ਹੌਲੀ ਹੌਲੀ ਵਾਧਾ ਕੀਤਾ ਜਾ ਰਿਹਾ ਹੈ। 2023 ਤੋਂ ਸ਼ੁਰੂ ਹੋਣ ਜਾ ਰਹੇ ਇਸ ਉਪਰਾਲੇ ਲਈ ਫੈਡਰਲ ਸਰਕਾਰ ਵੱਲੋਂ 1.4 ਬਿਲੀਅਨ ਡਾਲਰ ਸਾਲਾਨਾ ਫੰਡ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਕੈਨੇਡਾ ਵੱਲੋਂ ਵੂਮਨ ਡਲਿਵਰ ਕਾਨਫਰੰਸ ਦੀ ਵੈਨਕੂਵਰ ਵਿੱਚ ਮੇਜ਼ਬਾਨੀ ਕੀਤੀ ਜਾ ਰਹੀ ਹੈ ਤੇ ਉੱਥੇ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਸਾਂ ਸਾਲਾਂ ਵਾਸਤੇ ਇਨ੍ਹਾਂ ਫੰਡਾਂ ਦਾ ਐਲਾਨ ਕੀਤਾ ਗਿਆ। ਔਰਤਾਂ ਦੇ ਅਧਿਕਾਰਾਂ ਸਬੰਧੀ ਦੁਨੀਆ ਦੀ ਸੱਭ ਤੋਂ ਵੱਡੀ ਕਾਨਫਰੰਸ ਵਿੱਚ ਕਈ ਦੇਸ਼ਾਂ ਦੇ ਮੁਖੀ ਤੇ ਫੈਡਰਲ ਕੈਬਨਿਟ ਮੰਤਰੀਆਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਟਰੂਡੋ ਨੇ ਆਖਿਆ ਕਿ 2023 ਵਿੱਚ ਸ਼ੁਰੂ ਹੋਣ ਜਾ ਰਹੀਆਂ ਸੈਕਸੂਅਲ ਤੇ ਰੀਪਰੋਡਕਟਿਵ ਹੈਲਥ ਸਬੰਧੀ ਪਹਿਲਕਦਮੀਆਂ ਲਈ ਸਾਲਾਨਾ 700 ਮਿਲੀਅਨ ਡਾਲਰ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਆਖਿਆ ਕਿ ਇਸ ਨਾਲ ਕੈਨੇਡਾ ਅਹਿਮ ਡੋਨਰਜ਼ ਦੀ ਸੂਚੀ ਵਿੱਚ ਮੂਹਰਲੀ ਕਤਾਰ ਵਿੱਚ ਸ਼ਾਮਲ ਹੋ ਜਾਵੇਗਾ।

ਇਸ ਸਮੇਂ ਕੈਨੇਡਾ ਦੁਨੀਆ ਭਰ ਵਿੱਚ ਔਰਤਾਂ ਦੀ ਸਿਹਤ ਸਬੰਧੀ ਸੇਵਾਵਾਂ ਉੱਤੇ 1.1 ਬਿਲੀਅਨ ਡਾਲਰ ਖਰਚ ਕਰ ਰਿਹਾ ਹੈ ਤੇ ਇਸ ਦੇ ਨਾਲ ਹੀ ਸੈਕਸੂਅਲ ਤੇ ਰੀਪਰੋਡਕਟਿਵ ਹੈਲਥ ਉੱਤੇ 400 ਮਿਲੀਅਨ ਡਾਲਰ ਵੱਖਰੇ ਖਰਚ ਕੀਤੇ ਜਾ ਰਹੇ ਹਨ। ਟਰੂਡੋ ਨੇ ਆਖਿਆ ਕਿ ਇਹ ਬਹੁਤ ਹੀ ਵੱਡੀ ਕੋਸ਼ਿਸ਼ ਹੈ ਜਿਸ ਤਹਿਤ ਵਿਕਾਸਸ਼ੀਲ ਦੇਸ਼ਾਂ ਵਿੱਚ 2030 ਤੱਕ 18 ਮਿਲੀਅਨ ਮਹਿਲਾਵਾਂ ਤੇ ਕੁੜੀਆਂ ਦਾ ਸਸ਼ਕਤੀਕਰਨ ਕੀਤਾ ਜਾਵੇਗਾ। ਕੈਨੇਡਾ ਸਿਰਫ ਇਹ ਸੱਭ ਕੁੱਝ ਆਖ ਹੀ ਨਹੀਂ ਰਿਹਾ ਸਗੋਂ ਅਸੀਂ ਅਜਿਹਾ ਕੁੱਝ ਕਰ ਵੀ ਰਹੇ ਹਾਂ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਹੁਆਵੇਈ ਤੇ 5 ਜੀ ਬਾਰੇ ਫੈਸਲਾ ਕੈਨੇਡਾ ਆਪ ਲਵੇ : ਲੂ ਸ਼ੇਅ



ਓਟਵਾ, 4 ਜੂਨ (ਪੋਸਟ ਬਿਊਰੋ) : ਕੈਨੇਡਾ ਵਿਖੇ ਚੀਨ ਦੇ ਅੰਬੈਸਡਰ ਲੂ ਸ਼ੇਅ ਦਾ ਕਹਿਣਾ ਹੈ ਕਿ ਚੀਨ ਦੀ ਤਕਨੀਕੀ ਜਾਇੰਟ ਕੰਪਨੀ ਹੁਆਵੇਈ ਵੱਲੋਂ ਨੈਸ਼ਨਲ ਸਕਿਊਰਿਟੀ ਨੂੰ ਕਿਸੇ ਕਿਸਮ ਦੇ ਖਤਰੇ ਦੀ ਗੱਲ ਨਿਰਆਧਾਰ ਹੈ ਤੇ ਅਜਿਹਾ ਕੁੱਝ ਸਿੱਧ ਵੀ ਨਹੀਂ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਆਵੇਈ ਨੂੰ ਆਪਣੇ 5 ਜੀ ਨੈੱਟਵਰਕ ਵਿੱਚ ਸ਼ਾਮਲ ਕਰਨ ਜਾਂ ਨਾ ਕਰਨ ਦਾ ਫੈਸਲਾ ਕੈਨੇਡਾ ਦਾ ਆਪਣਾ ਹੋਣਾ ਚਾਹੀਦਾ ਹੈ।

ਸ਼ੇਅ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਕੈਨੇਡਾ ਆਜ਼ਾਦ ਮੁਲਕ ਹੈ ਤੇ ਇਸ ਤਰ੍ਹਾਂ ਦੀ ਸਮੱਸਿਆ ਦਾ ਮੁਲਾਂਕਣ ਕਰਨ ਲਈ ਇੱਥੇ ਬਹੁਤ ਹੀ ਕਾਬਲ ਸੰਸਥਾਵਾਂ ਵੀ ਹਨ। ਉਨ੍ਹਾਂ ਆਖਿਆ ਕਿ ਦੁਨੀਆਂ ਦੇ ਕਈ ਦੇਸ਼ਾਂ ਨੇ ਇਸ ਸਮੱਸਿਆ ਉੱਤੇ ਆਪਣੇ ਆਪ ਸਹੀ ਤੇ ਇੱਕਦਮ ਦਰੁਸਤ ਫੈਸਲੇ ਲਏ ਹਨ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਵੱਲੋਂ ਆਪਣੇ ਭਾਈਵਾਲਾਂ ਨੂੰ ਇਹ ਜ਼ੋਰ ਲਾਇਆ ਜਾ ਰਿਹਾ ਹੈ ਕਿ ਉਹ ਚੀਨ ਦੇ ਖੁਫੀਆ ਅਧਿਕਾਰੀਆਂ ਨੂੰ ਉੱਚ ਸੰਵੇਦਨਸ਼ੀਲ ਜਾਣਕਾਰੀ ਤੋਂ ਦੂਰ ਰੱਖਣ ਲਈ ਹੁਆਵੇਈ ਨੂੰ ਆਪਣੇ 5 ਜੀ ਨੈੱਟਵਰਕ ਤੋਂ ਦੂਰ ਹੀ ਰੱਖਣ। ਕੈਨੇਡਾ ਵੱਲੋਂ ਅਜੇ ਇਸ ਮਾਮਲੇ ਵਿੱਚ ਫੈਸਲਾ ਲਿਆ ਜਾਣਾ ਬਾਕੀ ਹੈ।

ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਦੀ ਪਿੱਛੇ ਜਿਹੇ ਕੀਤੀ ਗਈ ਕੈਨੇਡਾ ਫੇਰੀ ਦੌਰਾਨ ਜਦੋਂ ਟਰੂਡੋ ਤੋਂ ਇਸ ਮੁੱਦੇ ਉੱਤੇ ਸਵਾਲ ਕੀਤੇ ਗਏ ਤਾਂ ਪ੍ਰਧਾਨ ਮੰਤਰੀ ਨੇ ਇਹ ਸਪਸ਼ਟ ਕੀਤਾ ਸੀ ਕਿ ਕੈਨੇਡਾ ਆਪਣੀਆਂ ਕੈਨੇਡੀਅਨ ਸਕਿਊਰਿਟੀ ਏਜੰਸੀਜ਼ ਵੱਲੋਂ ਹਾਸਲ ਹੋਣ ਵਾਲੇ ਸਬੂਤਾਂ ਦੇ ਆਧਾਰ ਉੱਤੇ ਹੀ ਇਸ ਬਾਬਤ ਕੋਈ ਫੈਸਲਾ ਕਰੇਗਾ। ਟਰੂਡੋ ਨੇ ਵੀਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਨੂੰ ਆਪਣੀ ਨੈਸ਼ਨਲ ਸਕਿਊਰਿਟੀ ਅਤੇ ਖੁਫੀਆ ਮਾਹਿਰਾਂ ਉੱਤੇ ਪੂਰਾ ਭਰੋਸਾ ਹੈ। 5 ਜੀ ਦੀ ਦੁਨੀਆ ਵਿੱਚ ਜਾਣ ਤੋਂ ਪਹਿਲਾਂ ਸਾਨੂੰ ਯਕੀਨ ਹੈ ਕਿ ਉਹ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਸਹੀ ਸਿਫਾਰਿਸ਼ਾਂ ਕਰਨਗੇ।

ਉਸੇ ਦਿਨ ਹੁਆਵੇਈ ਦੀ ਮੈਂਗ ਵਾਨਜ਼ੋਊ ਦੇ ਮਾਮਲੇ ਵਿੱਚ ਕੈਨੇਡਾ ਵੱਲੋਂ ਅਮਰੀਕਾ ਨੂੰ ਦਿੱਤੇ ਜਾ ਰਹੇ ਸਹਿਯੋਗ ਬਾਰੇ ਗੱਲ ਕਰਦਿਆਂ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੈਂਗ ਸੁਆਂਗ ਨੇ ਆਖਿਆ ਕਿ ਕੈਨੇਡਾ ਨੂੰ ਅਮਰੀਕਾ ਦੇ ਫਾਇਦੇ ਲਈ ਖੁਦ ਨੂੰ ਖਤਰੇ ਵਿੱਚ ਪਾ ਕੇ ਉਸ ਦੇ ਨਕਾਰਾਤਮਕ ਸਿੱਟੇ ਭੁਗਤਣ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਅਮਰੀਕਾ ਨਾਲ ਟਰੇਡ ਵਾਰ ਵਰਗੀ ਬਣ ਚੁੱਕੀ ਸਥਿਤੀ ਤੇ ਵਧੇ ਤਣਾਅ ਦੇ ਬਾਵਜੂਦ ਸ਼ੇਅ ਨੇ ਆਖਿਆ ਕਿ ਆਪਣੇ ਮਤਭੇਦ ਦੂਰ ਕਰਨ ਲਈ ਕੈਨੇਡਾ ਤੇ ਚੀਨ ਕੋਲ ਅਜੇ ਵੀ ਮੌਕਾ ਹੈ। ਪਰ ਉਨ੍ਹਾਂ ਇਹ ਵੀ ਆਖਿਆ ਕਿ ਦੋਵਾਂ ਮੁਲਕਾਂ ਵਿਚਾਲੇ ਦੁਵੱਲੇ ਸਬੰਧਾਂ ਦੀ ਸਥਿਤੀ ਕਾਫੀ ਉਦਾਸਮਈ ਹੈ। ਸ਼ੇਅ ਨੇ ਇਹ ਵੀ ਆਖਿਆ ਕਿ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆਂ ਤੇ ਕੈਨੇਡਾ ਅਤੇ ਚੀਨ ਦੇ ਸਬੰਧਾਂ ਵਿੱਚ ਯਕੀਨਨ ਸੁਧਾਰ ਹੋ ਸਕਦਾ ਹੈ।

# ਪੀਲ ਪੁਲੀਸ ਚ 40 ਨਵੇਂ ਪੁਲਿਸ ਅਧਿਕਾਰੀ ਸ਼ਾਮਿਲ

## 9 ਭਾਰਤੀ ਮੂਲ ਦੇ ਅਧਿਕਾਰੀਆਂ ਨੇ ਮਾਰੀ ਬਾਜੀ



ਨਵੇਂ ਪੁਲਿਸ ਅਧਿਕਾਰੀ ਤਨੁਜ ਦੱਤਾ ਨੂੰ ਪੁਲੀਸ ਬੈਜ ਪਰਦਾਨ ਕਰਦੇ ਹੋਏ ਚੀਫ ਕਰਿਸ ਮੈਕ ਕੋਰਡ, ਵਾਈਸ ਚੇਅਰ ਰੌਨ ਚੱਠਾ, ਜਸਟਿਸ ਪਾਲ ਰੈਨਵਿਕ ਅਤੇ ਕਾਂਸਟੇਬਲ ਮੁਨੀਕ ਮਾਹਲ। ਫੋਟੋ: ਕੰਵਲਜੀਤ ਸਿੰਘ ਕੰਵਲ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਪੰਜਾਬੀਆਂ ਦੀ ਘਣੀ ਵੱਸੋਂ ਵਾਲੇ ਖੇਤਰ ਬਰੈਂਮਪਟਨ,ਮਿਸੀਸਾਗਾ ਆਦਿ ਸ਼ਹਿਰਾਂ ਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਾਲੀ ਪੀਲ ਰੀਜਨਲ ਪੁਲਿਸ ਵੱਲੋਂ ਬੀਤੀ ਦੁਪਹਿਰ ਡੇਰੀ ਰੋਡ ਤੇ ਸਥਿੱਤ ਆਪਣੇ ਹੈਡਕੁਅਟਰ ਵਿੱਚ ਆਯੋਜਿਤ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ 40 ਨਵੇਂ ਪੁਲੀਸ ਕਰਮੀਆਂ ਨੂੰ ਆਪਣੇ ਅਹੁਦੇ ਦੀ ਸਹੁੰ ਓਨਟਾਰੀਓ ਕੋਰਟ ਆਫ ਜਸਟਿਸ ਦੇ ਮਾਣਯੋਗ ਜਸਟਿਸ ਪਾਲ ਰੈਨਵਿਕ ਵੱਲੋਂ ਚੁਕਾਈ ਗਈ। ਸਮਾਗਮ ਦੀ ਸ਼ੁਰੂਆਤ ਕੈਨੇਡਾ ਦਾ ਰਾਸ਼ਟਰੀ ਗੀਤ ਓ ਕੈਨੇਡਾ ਗਾ ਕੇ ਕੀਤੀ ਗਈ। ਨਵੇਂ ਪੁਲੀਸ ਕਰਮੀਆਂ ਦਾ ਪੁਲੀਸ ਬੈਂਡ ਦੀਆਂ ਧੁੰਨਾਂ ਨਾਲ ਸਵਾਗਤ ਕੀਤਾ ਗਿਆ। ਸਹੁੰ ਚੁਕਾਉਣ ਦੀ ਰਸਮ ਨੂੰ ਸੰਬੋਧਨ ਕਰਦਿਆਂ ਪੀਲ ਪੁਲੀਸ ਸਰਵਿਸ ਬੋਰਡ ਦੇ ਵਾਈਸ ਚੇਅਰ ਰੌਨ ਚੱਠਾ ਨੇ ਪੀਲ ਪੁਲੀਸ ਚ ਜਾਇਨ ਕਰਨ ਵਾਲਿਆਂ ਜੁਆਂਨਾਂ ਨੂੰ ਜਿੱਥੇ ਜੀ ਆਇਆਂ ਕਿਹਾ ਉੱਥੇ ਇਸ ਮੌਕੇ ਇਹਨਾਂ ਪੁਲੀਸ ਅਧਿਕਾਰੀਆਂ ਦੇ ਇਸ ਮੌਕੇ ਜੁੜੇ ਪਰਿਵਾਰਾਂ ਦਾ ਵੀ ਧੰਨਵਾਦ ਕੀਤਾ ਜਿਹਨਾਂ ਦੀ ਪਰੇਰਨਾਂ ਅਤੇ ਉਤਸ਼ਾਹ ਸਦਕਾ ਉਹਨਾਂ ਦੇ ਬੱਚੇ ਜਾਂ ਰਿਸਤੇਦਾਰ ਅੱਜ ਪੀਲ ਪੁਲੀਸ ਦਾ ਹਿੱਸਾ ਬਣ ਗਏ ਹਨ। ਇਸ ਮੌਕੇ ਸਿਟੀ ਆਫ ਬਰੈਂਮਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਸਮੱਚੀ ਪੀਲ ਪੁਲੀਸ ਦਾ ਧੰਨਵਾਦ ਕੀਤਾ ਜਿਹਨਾਂ ਦੀ ਸੁਚੱਜੀ ਕਾਰਕਰਦਗੀ ਕਰਕੇ ਪੀਲ ਵਾਸੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਾਂ। ਪੀਲ ਪੁਲੀਸ ਚ ਸ਼ਾਮਲ 40 ਨਵੇਂ ਅਧਿਕਾਰੀਆਂ ਦੀ ਪਰੇਡ ਦੀ ਇਸੰਪੈਕਸ਼ਨ ਪੀਲ ਪੁਲੀਸ ਦੇ ਮੁਖੀ ਕਰਿਸ ਮੈਕ ਕੌਰਡ, ਪੀਲ ਪੁਲੀਸ ਸਰਵਿਸ ਬੋਰਡ ਦੇ ਵਾਈਸ ਚੇਅਰ ਰੌਨ ਚੱਠਾ ਅਤੇ ਕਾਂਸਟੇਬਲ ਨਾਤੋਸ਼ਾ ਮੈਕ ਬਰਾਈਡ ਵੱਲੋਂ ਕੀਤੀ ਗਈ। ਚੇਤੇ ਰਹੇ ਇਹਨਾਂ ਨਵੇਂ 40 ਪੁਲੀਸ ਅਧਿਕਾਰੀਆਂ ਵਿੱਚ 9 ਭਾਰਤੀ ਮੂਲ ਦੇ ਅਧਿਕਾਰੀ ਵੀ ਸ਼ਾਮਲ ਹਨ। ਪੁਲੀਸ ਮੁਖੀ ਕਰਿਸ ਮੈਕ ਕੌਰਡ ਵੱਲੋਂ ਸਖਤ ਮੇਹਨਤ ਅਤੇ ਕੜੀ ਸਿੱਖਿਆ ਲੈਣ ਪਿੱਛੋਂ ਇਸ ਮੁਕਾਮ ਤੇ ਪੁੱਜੇ ਨਵੇਂ ਪੁਲੀਸ ਅਧਿਕਾਰੀਆਂ ਨੂੰ ਉਹਨਾਂ ਦੇ ਪੁਲੀਸ ਬੈਜ ਪਰਦਾਨ ਕੀਤੇ ਗਏ ਅਤੇ ਆਸ ਪਰਗਟ ਕੀਤੀ ਕਿ ਉਹ ਪੀਲ ਖੇਤਰ ਵਿੱਚ ਆਮ ਲੋਕਾਂ ਨੂੰ ਵਧੀਆ ਸੇਵਾਂਵਾਂ ਪਰਦਾਨ ਕਰਕੇ ਕੈਨੇਡੀਅਨ ਭਾਈਚਾਰੇ ਦੀ ਸੇਵਾ ਕਰਨਗੇ। ਅੱਜ ਦੇ ਇਸ ਸਮਾਰੋਹ ਵਿੱਚ ਪੁਲੀਸ ਵਿੱਚ ਕੰਮ ਕਰਦੇ 14 ਅਧਿਕਾਰੀਆਂ ਨੇ ਆਪਣੇ ਬੱਚਿਆਂ ਅਤੇ ਨਜਦੀਕੀ ਰਿਸ਼ਤੇਦਾਰਾਂ ਨੂੰ ਬੈਜ ਪਰਦਾਨ ਕਰਨ ਦੀ ਰਸਮ ਨਿਭਾਈ। ਸਟੇਜ ਸਕੱਤਰ ਦੀ ਸੇਵਾ ਐਕਟਿੰਗ ਇੰਸਪੈਕਟਰ ਸ਼ੈਲੀ ਥਾਂਪਸਨ ਵੱਲੋਂ ਬਾਖੂਬੀ ਨਿਭਾਈ ਗਈ।

# ਟੋਰਾਂਟੋ ਪ੍ਰਾਈਡ ਪਰੇਡ ਵਿੱਚ ਹਿੱਸਾ ਨਹੀਂ ਲੈਣਗੇ ਫੋਰਡ



ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਟੋਰਾਂਟੋ ਸਿਟੀ ਵੱਲੋਂ ਪ੍ਰਾਈਡ ਮੰਥ ਐਲਾਨੇ ਜਾਣ ਤੋਂ ਇੱਕ ਦਿਨ ਬਾਅਦ ਹੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਸ ਸਾਲ ਪ੍ਰਾਈਡ ਪਰੇਡ ਵਿੱਚ ਹਿੱਸਾ ਨਹੀਂ ਲੈਣਗੇ।

ਇੱਕ ਬਿਆਨ ਵਿੱਚ ਪ੍ਰੀਮੀਅਰ ਨੇ ਆਖਿਆ ਕਿ ਉਨ੍ਹਾਂ ਦੀ ਹਾਜ਼ਰੀ ਬਹੁਤਾ ਕਰਕੇ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਵਰਦੀਧਾਰੀ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਉੱਥੇ ਹੋਵੇਗੀ ਜਾਂ ਨਹੀਂ। ਸੋਮਵਾਰ ਨੂੰ ਪ੍ਰੀਮੀਅਰ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਬਾਰੇ ਇੱਕ ਬੁਲਾਰੇ ਨੇ ਦੱਸਿਆ ਕਿ ਪ੍ਰੀਮੀਅਰ ਫੋਰਡ ਨੇ ਹਮੇਸ਼ਾਂ ਇੱਕੋ ਗੱਲ ਆਖੀ ਹੈ ਕਿ ਉਹ ਉਸ ਸਮੇਂ ਹੀ ਟੋਰਾਂਟੋ ਦੀ ਪਰੇਡ ਪ੍ਰਾਈਡ ਵਿੱਚ ਹਿੱਸਾ ਲੈਣਗੇ ਜਦੋਂ ਪੁਲਿਸ ਅਧਿਕਾਰੀਆਂ ਨੂੰ ਇਸ ਪਰੇਡ ਵਿੱਚ ਯੂਨੀਫੌਰਮ ਸਮੇਤ ਹਿੱਸਾ ਲੈਣ ਦੀ ਇਜਾਜਤ ਦਿੱਤੀ ਜਾਵੇਗੀ।

ਉਨ੍ਹਾਂ ਇਸ ਮੌਕੇ ਪ੍ਰਾਈਡ ਟੋਰਾਂਟੋ ਦੇ ਪ੍ਰਬੰਧਕਾਂ ਨੂੰ ਮੁਬਾਰਕਬਾਦ ਤੇ ਸ਼ੁੱਭਇੱਛਾਵਾਂ ਦਿੱਤੀਆਂ। ਜਿਕਰਯੋਗ ਹੈ ਕਿ ਜਨਵਰੀ ਵਿੱਚ ਪ੍ਰਾਈਡ ਟੋਰਾਂਟੋ ਦੇ ਮੈਂਬਰਾਂ ਨੇ ਲਗਾਤਾਰ ਤੀਜੇ ਸਾਲ ਇਸ ਪਰੇਡ ਤੋਂ ਵਰਦੀਧਾਰੀ ਅਧਿਕਾਰੀਆਂ ਨੂੰ ਪਾਸੇ ਰੱਖਣ ਦਾ ਫੈਸਲਾ ਕੀਤਾ ਸੀ। ਹਾਲਾਂਕਿ ਪਿਛਲੇ ਸਾਲ ਇਸ ਪਾਬੰਦੀ ਨੂੰ ਚੁੱਕਣ ਲਈ ਗੱਲਬਾਤ ਚੱਲ ਰਹੀ ਸੀ ਪਰ ਇਸ ਵਿੱਚ ਕੋਈ ਸਫਲਤਾ ਨਹੀਂ ਮਿਲ ਸਕੀ। ਐਲਜੀਬੀਟੀਕਿਊ ਕਮਿਊਨਿਟੀ ਤੇ ਟੋਰਾਂਟੋ ਪੁਲਿਸ ਸਰਵਿਸਿਜ ਦਰਮਿਆਨ ਬਰੂਸ ਮੈਕਾਰਥਰ ਸਬੰਧੀ ਜਾਂਚ ਤੇ ਗੇਅ ਵਿਲੇਜ ਦੇ ਲਾਪਤਾ ਵਿਅਕਤੀਆਂ ਦੀ ਜਾਂਚ ਦੇ ਮੁੱਦੇ ਨੂੰ ਲੈ ਕੇ ਰੋਸ ਹੈ।

# ਮਈ ਵਿੱਚ ਲਾਈਟ ਵ੍ਹੀਕਲਜ਼ ਦੀ ਵਿੱਕਰੀ ਵਿੱਚ ਆਈ 5.9 ਫੀ ਸਦੀ ਗਿਰਾਵਟ



ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਡੈਸਰੋਜ਼ੀਅਰਜ਼ ਆਟੋਮੋਟਿਵ ਕੰਸਲਟੈਂਟਸ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਇਸ ਸਾਲ ਮਈ ਵਿੱਚ ਲਾਈਟ ਵ੍ਹੀਕਲ ਦੀ ਵਿੱਕਰੀ ਵਿੱਚ 5.9 ਫੀ ਸਦੀ ਦੇ ਹਿਸਾਬ ਨਾਲ ਗਿਰਾਵਟ ਆਈ ਹੈ। ਗੱਡੀਆਂ ਦੀ ਵਿੱਕਰੀ ਦਾ ਇਹ ਰੁਝਾਨ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ।

ਆਟੋਮੋਟਿਵ ਕੰਸਲਟੈਂਟ ਦਾ ਕਹਿਣਾ ਹੈ ਕਿ ਮਈ ਦੇ ਮਹੀਨੇ ਗੱਡੀਆਂ ਦੀ ਵਿੱਕਰੀ 202,800 ਰਹੀ ਜਦਕਿ ਇੱਕ ਸਾਲ ਪਹਿਲਾਂ ਇਹ 215,407 ਸੀ। ਮਈ ਵਿੱਚ ਆਈ ਇਹ ਗਿਰਾਵਟ ਅਚਾਨਕ ਹੀ ਪਿਛਲੇ ਮਹੀਨੇ ਨਹੀਂ ਆਈ ਸਗੋਂ ਇਸ ਗਿਰਾਵਟ ਦਾ ਇਹ ਸਿਲਸਿਲਾ ਪਿਛਲੇ 15 ਮਹੀਨਿਆਂ ਤੋਂ ਲਗਾਤਾਰ ਚੱਲ ਰਿਹਾ ਹੈ। ਅਸਲ ਵਿੱਚ ਕੰਜ਼ਿਊਮਰ ਪੈਸੈਂਜਰ ਕਾਰਾਂ ਤੋਂ ਉੱਚ ਰਿਸਾਅ ਵਾਲੀਆਂ ਐਸਯੂਵੀ ਤੇ ਪਿੱਕਅੱਪ ਟਰੱਕ ਵੱਲ ਮੂੰਹ ਕਰ ਰਹੇ ਹਨ ਤੇ ਮਈ ਵਿੱਚ ਵੀ ਇਹੋ ਰੁਝਾਨ ਜਾਰੀ ਰਿਹਾ। ਇਸ ਮਹੀਨੇ ਕਾਰਾਂ ਦੀ ਵਿੱਕਰੀ 17.4 ਫੀ ਸਦੀ ਘੱਟ ਰਹੀ ਜਦਕਿ ਲਾਈਟ ਟਰੱਕਾਂ ਦੀ ਵਿੱਕਰੀ ਵਿੱਚ ਸਿਰਫ 0.4 ਫੀ ਸਦੀ ਗਿਰਾਵਟ ਦਰਜ ਕੀਤੀ ਗਈ।

ਫੀਏਟ ਕ੍ਰਾਈਸਲਰ ਆਟੋਮੋਬਿਲਜ਼ ਵੱਲੋਂ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਗੱਡੀਆਂ ਦੀ ਵਿੱਕਰੀ ਵਿੱਚ 25.4 ਫੀ ਸਦੀ ਦੀ ਗਿਰਾਵਟ ਰਿਕਾਰਡ ਕੀਤੀ ਗਈ। ਇਸ ਗਿਰਾਵਟ ਦਾ ਇੱਕ ਕਾਰਨ ਐਫਸੀਏ ਦੀ ਫਰੈਂਚ ਪ੍ਰੋਡਿਊਸਰ ਰੇਨਾਅ ਨਾਲ ਰਲੇਵੇਂ ਸਬੰਧੀ ਚੱਲ ਰਹੀ ਗੱਲ ਵੀ ਮੰਨੀ ਜਾ ਰਹੀ ਹੈ। ਡੈਸਰੋਜ਼ੀਅਰਜ਼ ਦਾ ਕਹਿਣਾ ਹੈ ਕਿ ਜਨਰਲ ਮੋਟਰਜ਼ ਵੱਲੋਂ ਗੱਡੀਆਂ ਦੀ ਵਿੱਕਰੀ ਵਿੱਚ 12.5 ਫੀ ਸਦੀ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਹੌਂਡਾ ਨੇ 4.9 ਫੀ ਸਦੀ, ਫੋਰਡ ਨੇ 1.6 ਫੀ ਸਦੀ ਗਿਰਾਵਟ ਦਰਜ ਕੀਤੀ ਹੈ। ਇਸੇ ਦੌਰਾਨ ਕੈਨੇਡਾ ਵਿੱਚ ਚੌਥੀ ਸੱਭ ਤੋਂ ਵੱਡੀ ਆਟੋ ਨਿਰਮਾਤਾ ਕੰਪਨੀ ਟੌਇਟਾ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਗੱਡੀਆਂ ਦੀ ਵਿੱਕਰੀ ਵਿੱਚ ਨੌਂ ਫੀ ਸਦੀ ਦਾ ਵਾਧਾ ਹੋਇਆ ਹੈ।

# ਕਿਰਨ ਬੇਦੀ ਦੀ ਅਰਜ਼ੀ ਉੱਤੇ ਸੁਪਰੀਮ ਕੋਰਟ ਵੱਲੋਂ ਪੁਡੁਚੇਰੀ ਦੇ ਮੁੱਖ ਮੰਤਰੀ ਨੂੰ ਨੋਟਿਸ

## ਅਧਿਕਾਰਾਂ ਦੀ ਲੜਾਈ

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੇਂਦਰ ਸ਼ਾਸਿਤਰਾਜ ਪੁਡੁਚੇਰੀਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਨਾਲ ਅਧਿਕਾਰਾਂ ਦੀ ਲੜਾਈ ਦੇ ਕੇਸ ਵਿੱਚਅੱਜ ਮੁੱਖ ਮੰਤਰੀ ਵੀ.ਨਾਰਾਇਣਸਾਮੀ ਨੂੰ ਨੋਟਿਸ ਜਾਰੀ ਕਰ ਕੇ ਅਗਲੀ ਸੁਣਵਾਈ ਦੀ ਤਾਰੀਖ 21 ਜੂਨ ਤਕ ਜਵਾਬ ਦੇਣ ਨੂੰ ਕਿਹਾ ਹੈ। ਜਸਟਿਸ ਇੰਦੂ ਮਲਹੋਤਰਾ ਤੇ ਜਸਟਿਸ ਐੱਮ ਆਰ ਸ਼ਾਹ ਦੀ ਬੈਂਚ ਨੇ ਅੱਜ ਮਦਰਾਸ ਹਾਈ ਕੋਰਟ ਦੇ ਉਸ ਫ਼ੈਸਲੇ ਖ਼ਿਲਾਫ਼ ਕੇਂਦਰ ਸਰਕਾਰ ਅਤੇ ਕਿਰਨ ਬੇਦੀ ਦੀ ਪਟੀਸ਼ਨ ਉੱਤੇਪੁਡੁਚੇਰੀ ਦੇ ਮੁੱਖ ਮੰਤਰੀ ਨੂੰ ਨੋਟਿਸ ਜਾਰੀ ਕੀਤਾ। ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਚੁਣੀ ਹੋਈ ਸਰਕਾਰ ਦੇ ਰੋਜ਼ ਦੇ ਕੰਮਾਂਵਿੱਚ ਦਖ਼ਲ ਨਹੀਂਦੇ ਸਕਦੇ। ਅਦਾਲਤ ਨੇ ਅੱਜ ਇਹ ਨਿਰਦੇਸ਼ ਦਿੱਤਾ ਕਿ ਸੱਤ ਜੂਨ ਦੀ ਕੈਬਨਿਟ ਬੈਠਕ ਵਿੱਚ ਜੇਕੋਈ ਮਾਇਕ ਪ੍ਰਭਾਵ ਵਾਲਾ ਫ਼ੈਸਲਾ ਲਿਆ ਜਾਂਦਾ ਹੈ ਤਾਂ ਉਸ ਉੱਤੇ 21 ਜੂਨ ਤਕ ਅਮਲ ਨਹੀਂ ਕੀਤਾ ਜਾਵੇਗਾ।

ਕੇਂਦਰ ਸਰਕਾਰ ਤੇ ਕਿਰਨ ਬੇਦੀ ਵੱਲੋਂ ਦਾਖ਼ਲ ਅਰਜ਼ੀ ਵਿੱਚ ਪੁਡੁਚੇਰੀ ਵਿੱਚ ਪ੍ਰਸ਼ਾਸਨਿਕ ਵਿਵਸਥਾ ਨੂੰ ਠੱਪ ਹੋਈ ਕਹਿ ਕੇ ਹਾਈ ਕੋਰਟ ਦੇ 30 ਅਪਰੈਲ ਦੇ ਫ਼ੈਸਲੇ ਤੋਂ ਪਹਿਲਾਂ ਦੀ ਵਿਵਸਥਾ ਬਹਾਲ ਕਰਨ ਦੀ ਮੰਗ ਕੀਤੀ ਗਈ ਹੈ।

# ਰਾਬਰਟ ਵਾਡਰਾ ਤੋਂ ਮਨੀ ਲਾਂਡਰਿੰਗ ਕੇਸ ਵਿੱਚ ਈਡੀ ਵੱਲੋਂ ਫਿਰ

ਨਵੀਂ ਦਿਲੀ, 4 ਜੂਨ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਕਾਂਗਰਸ ਆਗੂ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਤੋਂ ਉਨ੍ਹਾਂ ਨਾਲ ਜੁੜੇ ਹੋਏ ਬਹੁਤ ਸਾਰੇ ਲੋਕਾਂ ਦੇ ਬਿਆਨਾਂ ਅਤੇ ਲੰਬੇ ਸਮੇਂ ਤੋਂ ਇਕਠੇ ਕੀਤੇ ਕਾਗਜੀ ਸਬੂਤਾਂ ਦੇ ਆਧਾਰ ਉੱਤੇ ਅੱਜ ਫਿਰ ਪੁੱਛਗਿੱਛ ਕੀਤੀ।

ਇਸ ਦੇ ਬਾਅਦ ਅਧਿਕਾਰੀਆਂ ਨੇ ਦੱਸਿਆ ਕਿ ਵਾਡਰਾ ਵਿਦੇਸ਼ ਵਿਚ ਨਾਜਾਇਜ਼ ਜਾਇਦਾਦਾਂ ਖਰੀਦਣ ਨਾਲ ਜੁੜੇ ਮਨੀ ਲਾਂਡਰਿੰਗ ਦੇ ਇਕ ਕੇਸ ਵਿੱਚ ਅੱਜ ਮੰਗਲਵਾਰ ਨੂੰ ਈ ਡੀ ਕੋਲ ਪੇਸ਼ ਹੋਏ ਸਨ।ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਬਹਿਨੋਈ 50 ਸਾਲਾ ਰਾਬਰਟ ਵਾਡਰਾ ਆਪਣੇ ਵਕੀਲਾਂ ਨਾਲ ਕਰੀਬ ਪੌਣੇ 11 ਵਜੇ ਇੰਡੀਆ ਗੇਟ ਨੇੜੇਜਾਂਚ ਏਜੰਸੀ ਦੇ ਦਫਤਰ ਪੁੱਜੇ ਅਤੇ ਉਨ੍ਹਾਂ ਤੋਂ ਕਰੀਬ ਪੰਜ ਘੰਟੇ ਪੁੱਛਗਿੱਛ ਕੀਤੀ ਗਈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਇਸ ਕੇਸ ਦੇ ਜਾਂਚ ਅਧਿਕਾਰੀ ਨੇ ਉਨ੍ਹਾਂ ਦੇ ਸਾਥੀਆਂ ਦੇ ਘੱਟੋ-ਘੱਟ ਅੱਧਾ ਦਰਜਨ ਬਿਆਨਾਂ ਬਾਰੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ, ਜੋ ਉਨ੍ਹਾਂ ਦੇ ਫਰਾਰ ਚੱਲਦੇ ਹਥਿਆਰ ਕਾਰੋਬਾਰੀ ਸੰਜੇ ਭੰਡਾਰੀ ਅਤੇ ਹੋਰਨਾਂਨਾਲ ਸੰਬੰਧ ਸਥਾਪਤ ਕਰਦੇ ਹਨ। ਸਮਝਿਆ ਜਾਂਦਾ ਹੈ ਕਿ ਰਾਬਰਟ ਵਾਡਰਾ ਨੇ ਭੰਡਾਰੀ ਜਾਂ ਹੋਰ ਨਾਲ ਕਿਸੇ ਤਰ੍ਹਾਂ ਦਾ ਸੌਦਾ ਜਾਂ ਸੰਬੰਧ ਹੋਣ ਤੋਂ ਇਨਕਾਰ ਕੀਤਾ ਜਾਂ ਅਣਜਾਣਤਾ ਦੱਸੀ ਹੈ। ਜਾਂਚ ਅਧਿਕਾਰੀ ਨੇ ਉਨ੍ਹਾਂ ਦਾ ਬਿਆਨ ਮਨੀ ਲਾਂਡਰਿੰਗ ਰੋਕਥਾਮ ਐਕਟ ਦੀ ਧਾਰਾ 50 ਹੇਠਲਿਖਿਆ ਹੈ। ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਕਾਰੋਬਾਰੀ ਰਾਬਰਟ ਵਾਡਰਾ ਤੋਂ ਉਨ੍ਹਾਂ ਨਾਲ ਜੁੜੇ ਕਈ ਈਮੇਲ, ਬੈਂਕਿੰਗ ਤੇ ਵਿੱਤੀ ਦਸਤਾਵੇਜ਼ ਦਿਖਾ ਕੇ ਪੁੱਛਗਿੱਛ ਕੀਤੀ ਗਈ ਤੇ ਬਿਆਨ ਦਰਜ ਕਰਨ ਤੋਂ ਪਹਿਲਾਂ ਘੱਟੋ-ਘੱਟ ਚਾਰ ਨਾਜਾਇਜ਼ ਜਾਇਦਾਦਾਂ ਨਾਲ ਜੁੜੇ ਦਸਤਾਵੇਜ਼ ਵਾਡਰਾ ਦੇ ਸਾਹਮਣੇ ਪੇਸ਼ ਕੀਤੇ ਗਏ।

ਇਹੀ ਨਹੀਂ, ਇਸਕੇਸਤੋਂ ਇਲਾਵਾ ਰਾਜਸਥਾਨ ਦੇ ਬੀਕਾਨੇਰ ਵਿਚ ਜ਼ਮੀਨ ਅਲਾਟਮੈਂਟ ਵਿੱਚਬੇਨਿਯਮੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇਕ ਹੋਰ ਕੇਸ ਵਿਚ ਵੀ ਰਾਬਰਟ ਵਾਡਰਾ ਤੋਂ ਕਈ ਵਾਰ ਪੁੱਛਗਿੱਛ ਹੋਈ ਹੈ। ਰਾਬਰਟ ਵਾਡਰਾ ਦੇ ਖਿਲਾਫ ਈਡੀ ਕੋਲ ਦਰਜ ਕੇਸ ਲੰਡਨ ਦੇ 12 ਬ੍ਰਾਇਨਸਟਨ ਸਕਵਾਇਰ ਇਲਾਕੇ ਦੀ 19 ਲੱਖ ਪੌਂਡ ਦੀ ਜਾਇਦਾਦ ਖਰੀਦਣ ਵਿਚ ਮਨੀ ਲਾਂਡਰਿੰਗ ਨਾਲ ਜੁੜਦਾ ਹੈ। ਇਸ ਦੌਰਾਨਈਡੀ ਨੇ ਰਾਬਰਟ ਵਾਡਰਾ ਦੇਖਿਲਾਫ਼ ਦਿਲੀ-ਐੱਨ ਸੀਆਰ ਤੇ ਬੀਕਾਨੇਰ ਵਿਚ ਜ਼ਮੀਨ ਕਬਜ਼ੇ ਕਰਨ ਦੇ ਕੇਸਾਂ ਦੀ ਜਾਂਚ ਕਰਨ ਵਾਲਾ ਅਧਿਕਾਰੀ ਬਦਲ ਦਿੱਤਾ ਗਿਆ ਹੈ।








**Paramjit Deol** Broker **CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**TORONTO $2,150** — 50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

**MISSISAUGA $99,900** — 1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

**St. Catharine $199,999** — 73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

**BRAMPTON $229,000** — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

**BRAMPTON $75,000** — Photo Not Available — 135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

**MISSISSAUGA $169,900** — Photo Not Available — 7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

**TORONTO $289,000** — Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

**BURLINGTON $299,000** — 701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

**BRAMPTON $789,800** — Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

**BRAMPTON $330,000** — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**CALEDON $399,000** — Photo Not Available — 12612 HIGHWAY 50: Sale Of Business Without Property Bakery. Please call 905-405-8484

**BRANTFORD $499,000** — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**New Tecumseth $899,800** — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

**MISSISSAUGA $629,000** — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**WOODSTOCK $1,125,000** — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਕਾਫ਼ਲੇ ਵੱਲੋਂ ਰੋਮਨ ਲੇਖਕ ਹੋਰੇਸ ਦੇ ਕਾਵਿ-ਸਿਧਾਂਤ ਬਾਰੇ ਅਤੇ ਪੰਜਾਬ ਦੀ ਸਾਹਿਤਕ ਅਤੇ ਸਿਆਸੀ ਸਥਿਤੀ ਬਾਰੇ ਚਰਚਾ




ਬਰੈਂਪਟਨ:- (ਪਰਮਜੀਤ ਦਿਓਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਮਈ ਮਹੀਨੇ ਦੀ ਮੀਟਿੰਗ ਸੰਚਾਲਕ ਕੁਲਵਿੰਦਰ ਖਹਿਰਾ, ਬ੍ਰਜਿੰਦਰ ਗੁਲਾਟੀ, ਅਤੇ ਪਰਮਜੀਤ ਦਿਓਲ ਦੀ ਦੇਖ-ਰੇਖ ਹੇਠ 25 ਮਈ ਨੂੰ ਸਪਰਿੰਗਡੇਲ ਲਾਇਬਰੇਰੀ ਵਿੱਚ ਹੋਈ। ਇਸ ਮੀਟਿੰਗ ਵਿੱਚ ਜਿੱਥੇ ਪੰਜਾਬ ਦੀ ਸਿਆਸੀ ਅਤੇ ਸਾਹਿਤਕ ਹਾਲਤ ਬਾਰੇ ਗੱਲਬਾਤ ਹੋਈ ਓਥੇ ਰੋਮਨ ਲੇਖਕ ਹੋਰੇਸ ਦੇ ਕਾਵਿ-ਸਿਧਾਂਤ ਨੂੰ ਵੀ ਸੰਖੇਪ ਵਿੱਚ ਵਿਚਾਰਿਆ ਗਿਆ। ਭਾਰਤੀ ਫੇਰੀ ਤੋਂ ਵਾਪਸ ਆਏ ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ ਕਿ ਭਾਵੇਂ ਭਾਰਤ ਨੂੰ ਵੱਡਾ ਲੋਕ-ਤੰਤਰ ਕਿਹਾ ਜਾਂਦਾ ਹੈ ਪਰ ਓਥੇ 'ਲੋਕ-ਤੰਤਰ' ਵਾਲ਼ੀ ਕੋਈ ਗੱਲ ਰਹਿ ਨਹੀਂ ਗਈ, ਨਿਆਂ-ਪਾਲਿਕਾ ਅਤੇ ਸਿਆਸੀ ਲੋਕਾਂ ਵਿੱਚ ਨੈਤਿਕਤਾ ਦੀ ਬਹੁਤ ਘਾਟ ਹੈ, ਇਸ ਵਾਰ ਆਮ ਚਰਚਾ ਹੈ ਕਿ ਚੋਣ-ਕਮਿਸ਼ਨ ਨੇ ਖੁੱਲ੍ਹ ਕੇ ਬੀਜੇਪੀ ਦਾ ਪੱਖ ਪੂਰਿਆ ਹੈ। ਇਸੇ ਤਰ੍ਹਾਂ ਮੀਡੀਆ 'ਤੇ ਵੀ ਇਹੋ ਹੀ ਦੋਸ਼ ਲੱਗਦਾ ਹੈ ਕਿ ਉਹ ਪੱਖਪਾਤੀ ਰਿਹਾ ਹੈ। ਜਰਨੈਲ ਸਿੰਘ ਨੇ ਕਿਹਾ ਕਿ ਬੀਜੇਪੀ ਨੇ ਪਿਛਲੇ ਪੰਜ ਸਾਲਾਂ ਦਾ ਲੇਖਾ-ਜੋਖਾ ਕਰਨ ਦੀ ਬਜਾਇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਰਾਹੀਂ ਵੋਟਾਂ ਬਟੋਰੀਆਂ ਹਨ। ਉਨ੍ਹਾਂ ਨੇ ਇਲਾਹਾਬਾਦ ਸ਼ਹਿਰ ਦੇ ਨਾਂ ਨੂੰ ਬਦਲ ਕੇ 'ਪਰਿਆਗ' ਰੱਖੇ ਜਾਣ ਨੂੰ ਧਰਮ ਦੇ ਨਾਂ 'ਤੇ ਖੇਡੀ ਜਾ ਰਹੀ ਸਿਆਸਤ ਦਾ ਅੰਗ ਦੱਸਦਿਆਂ ਕਿਹਾ ਕਿ ਮੋਦੀ ਦੇ ਦੁਬਾਰਾ ਜਿੱਤਣ ਨਾਲ਼ ਅਜਿਹੀਆਂ ਹੋਰ ਵੀ ਚਾਲਾਂ ਵਾਪਰਨ ਦਾ ਖਦਸ਼ਾ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਸੀ ਕਿ ਲੋਕਾਂ ਵਿੱਚ ਅਨਪੜ੍ਹਤਾ ਕਾਰਨ ਚੇਤਨਤਾ ਦੀ ਘਾਟ ਹੋਣ ਕਰਕੇ ਵੀ ਵੋਟਾਂ ਦਾ ਸਹੀ ਪ੍ਰਯੋਗ ਨਹੀਂ ਹੋ ਰਿਹਾ ਤੇ ਲੋਕ ਨਿੱਕੇ ਨਿੱਕੇ ਮੁਫ਼ਾਦਾਂ ਬਦਲੇ ਵਿਕ ਜਾਂਦੇ ਨੇ। ਉਨ੍ਹਾਂ ਕਿਹਾ ਕਿ ਇੱਕ ਦੋ ਤਾਣੇ ਉਲਝੇ ਹੁੰਦੇ ਤਾਂ ਸਿੱਧੇ ਕੀਤੇ ਜਾ ਸਕਦੇ ਸਨ ਪਰ ਓਥੇ ਤਾਂ ਸਾਰੀ ਤਾਣੀ ਹੀ ਉਲ਼ਝੀ ਹੋਈ ਹੈ। ਕਾਨਫ਼ਰੰਸਾਂ ਬਾਰੇ ਉਨ੍ਹਾਂ ਕਿਹਾ ਕਿ ਤਿੰਨ-ਚਾਰ ਕਾਨਫ਼ਰੰਸਾਂ ਨੂੰ ਛੱਡ ਕੇ ਬਾਕੀ ਸਾਰੀਆਂ ਕਾਨਫ਼ਰੰਸਾਂ ਮੇਲਾ-ਗੇਲਾ ਹੀ ਸਨ। ਪ੍ਰਿੰ. ਸਰਵਣ ਸਿੰਘ ਨੇ ਕਾਨਫ਼ਰੰਸਾਂ ਬਾਰੇ ਬੋਲਦਿਆਂ ਕਿਹਾ ਕਿ ਇਸ ਵਾਰ ਪੰਜਾਬ ਵਿੱਚ ਘੱਟੋ-ਘੱਟ ਪੰਜਾਹ ਅਜਿਹੀਆਂ ਛੋਟੀਆਂ ਮੋਟੀਆਂ ਕਾਨਫ਼ਰੰਸਾਂ ਹੋਈਆਂ ਨੇ ਜਿਨ੍ਹਾਂ ਨੂੰ 'ਇੰਟਨੈਸ਼ਨਲ ਕਾਨਫ਼ਰੰਸ" ਦਾ ਨਾਂ ਦਿੱਤਾ ਗਿਆ ਹੈ। ਇਸ ਰੁਝਾਨ ਦਾ ਕਾਰਨ ਜਿੱਥੇ ਉਨ੍ਹਾਂ ਨੇ ਕਾਲਜਾਂ ਯੂਨੀਵਰਸਿਟੀਆਂ ਨੂੰ ਮਿਲਦੀਆਂ ਸਰਕਾਰੀ ਗਰਾਂਟਾਂ ਦੀ ਵਰਤੋਂ ਦੀ ਮਜਬੂਰੀ ਦੱਸਿਆ ਓਥੇ ਇਹ ਵੀ ਕਿਹਾ ਕਿ ਹੁਣ ਪ੍ਰੋਫ਼ੈਸਰ ਬਣਨ ਲਈ ਸਰਕਾਰ ਨੇ ਸ਼ਰਤਾਂ ਹੀ ਏਨੀਆਂ ਵਧਾ ਦਿੱਤੀਆਂ ਨੇ ਕਿ ਵੱਧ ਤੋਂ ਵੱਧ ਸੈਮੀਨਾਰਾਂ ਅਤੇ ਕਾਨਫ਼ਰੰਸਾਂ ਵਿੱਚ ਪੇਪਰ ਪੜ੍ਹਨਾ ਉਨ੍ਹਾਂ ਦੀ ਮਜਬੂਰੀ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਕਾਦਮਿਕ ਖੇਤਰ ਇਹ ਨਹੀਂ ਵੇਖਦੇ ਕਿ ਕਿਹੜੇ ਵਿਸ਼ੇ 'ਤੇ ਅਤੇ ਕੀ ਬੋਲਣਾ ਹੈ, ਬਸ ਸਰਟੀਫ਼ੀਕੇਟ ਹੀ ਵੰਡੇ ਜਾ ਰਹੇ ਨੇ। ਡਾ ਬਲਜਿੰਦਰ ਸੇਖੋਂ ਨੇ ਕਿਹਾ ਕਿ ਜਿਹੜਾ ਰਾਹ ਭਾਰਤੀ ਨੇਤਾਵਾਂ ਨੇ ਫੜ ਲਿਆ ਹੈ ਉਹ ਰਾਹ ਭਾਰਤ ਨੂੰ ਗਿਰਾਵਟ ਵੱਲ ਹੀ ਲਿਜਾ ਸਕਦਾ ਹੈ। ਜਗੀਰ ਸਿੰਘ ਕਾਹਲ਼ੋਂ ਨੇ ਕਿਹਾ ਕਿ ਬੇਸ਼ੱਕ ਦੁਨੀਆਂ ਭਰ ਦਾ ਸਿਆਸੀ ਮਹੌਲ ਉਲਝਦਾ ਜਾ ਰਿਹਾ ਹੈ ਪਰ ਇਸੇ ਗਿਰਾਵਟ 'ਚੋਂ ਹੀ ਕਿਸੇ ਕ੍ਰਾਂਤੀ ਦਾ ਜਨਮ ਵੀ ਹੋ ਸਕਦਾ ਹੈ। ਕੁਲਵਿੰਦਰ ਖਹਿਰਾ ਨੇ ਕਿਹਾ ਕਿ ਇਸੇ ਕ੍ਰਾਂਤੀ ਦੀ ਆਸ ਦੀ ਚੰਗਿਆੜੀ ਨੂੰ ਮਘਦਿਆਂ ਰੱਖਣਾ ਹੀ ਲੇਖਕ ਦਾ ਫ਼ਰਜ਼ ਹੈ। ਗੁਰਦੇਵ ਸਿੰਘ ਮਾਨ, ਸੁਰਿੰਦਰਜੀਤ ਕੌਰ, ਅਤੇ ਜਸਵਿੰਦਰ ਸੰਧੂ ਨੇ ਵੀ ਆਪਣੇ ਵਿਚਾਰ ਦਿੱਤੇ। 65 ਬੀਸੀ ਵਿੱਚ ਪੈਦਾ ਹੋਏ ਰੋਮਨ ਲੇਖਕ ਹੋਰੇਸ (ੂੰਰਅਚੲ) ਦੇ ਕਾਵਿ ਸਿਧਾਂਤ ਬਾਰੇ ਬੋਲਦਿਆਂ ਕੁਲਵਿੰਦਰ ਖਹਿਰਾ ਨੇ ਹੋਰੇਸ ਵੱਲੋਂ ਸਾਹਿਤ ਨਾਲ਼ ਜੁੜੇ ਹੋਏ ਰੋਮ ਦੇ ਇੱਕ ਅਮੀਰ ਪਰਵਾਰ ਨੂੰ ਲਿਖੀ ਗਈ 476 ਲਾਈਨਾਂ ਦੀ ਕਾਵਿ-ਚਿੱਠੀ (ਜੋ ਬਾਅਦ ਵਿੱਚ ਓਰਟਸ ੋਾ ਫੋਏਟਰੇ ਦੇ ਨਾਂ ਨਾਲ਼ ਮਸ਼ਹੂਰ ਹੋਈ) ਵਿੱਚੋਂ ਹਵਾਲੇ ਦਿੰਦਿਆਂ ਕਿਹਾ ਕਿ ਤਕਰੀਬਨ 2100 ਸਾਲ ਪਹਿਲਾਂ ਇਸ ਲੇਖਕ ਵੱਲੋਂ ਪੇਸ਼ ਕੀਤੇ ਗਏ ਵਿਚਾਰ ਪੰਜਾਬੀ ਲੇਖਕਾਂ ਲਈ ਅੱਜ ਵੀ ਓਨੀ ਹੀ ਅਹਿਮੀਅਤ ਰੱਖਦੇ ਨੇ। ਉਨ੍ਹਾਂ ਕਿਹਾ ਕਿ ਹੋਰੇਸ ਦਾ ਵਿਚਾਰ ਹੈ ਕਿ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਲਈ ਲੇਖਕ ਦਾ ਆਪਣੇ ਇਲਾਕੇ ਦੇ ਮੌਜੂਦਾ ਸੱਭਿਆਚਾਰਕ ਅਤੇ ਭਾਸ਼ਾਈ ਵਰਤਾਰੇ ਤੋਂ ਵਾਕਿਫ਼ ਹੋਣਾ ਤੇ ਉਸਦੇ ਹਾਣ ਦਾ ਹੋ ਕੇ ਲਿਖਣਾ ਬਹੁਤ ਜ਼ਰੂਰੀ ਹੈ। ਹੋਰੇਸ ਦਾ ਮੰਨਣਾ ਹੈ ਕਿ ਲੇਖਕ ਜਦੋਂ ਬਾਣੀਆ ਬਣ ਕੇ ਨਫ਼ੇ-ਨੁਕਸਾਨ ਮਾਪਣ ਲੱਗ ਪੈਂਦਾ ਹੈ ਤਾਂ ਉਸਦੀ ਲਿਖਤ ਚਿਰਜੀਵੀ ਨਹੀਂ ਬਣਦੀ। ਹੋਰੇਸ ਦਾ ਕਹਿਣਾ ਹੈ ਕਿ ਲੇਖਕ ਮੂਲ ਰੂਪ ਵਿੱਚ ਦੋ ਨਿਸ਼ਾਨੇ ਸਾਹਮਣੇ ਰੱਖ ਕੇ ਲਿਖਦਾ ਹੈ: ਪਹਿਲਾ ਪਾਠਕ ਦੇ ਮਨੋਰੰਜਨ ਦਾ ਅਤੇ ਦੂਸਰਾ ਸਮਾਜੀ ਸੇਧ ਦੇਣ ਦਾ; ਪਰ ਇੱਕ ਤੀਸਰੀ ਕਿਸਮ ਦਾ ਲੇਖਕ ਹੁੰਦਾ ਹੈ ਜੋ ਇਨ੍ਹਾਂ ਦੋਵਾਂ ਵਿਧਾਵਾਂ ਨੂੰ ਮਿਲਾ ਕੇ ਲਿਖਦਾ ਹੈ ਅਤੇ ਜੋ ਲੇਖਕ ਇਨ੍ਹਾਂ ਦੋਵਾਂ ਵਿਧਾਵਾਂ ਨੂੰ ਮਿਲ਼ਾ ਕੇ ਲਿਖਦਾ ਹੈ ਉਸੇ ਦੀ ਰਚਨਾ ਹੀ ਵੱਧ ਹਰਮਨ-ਪਿਆਰੀ ਹੁੰਦੀ ਹੈ। ਹੋਰੇਸ ਲਿਖਦਾ ਹੈ ਕਿ ਵਧੀਆ ਲੇਖਕ ਬਣਨ ਲਈ ਜਿੱਥੇ ਅੰਦਰੂਨੀ ਕਲਾ ਦਾ ਹੋਣਾ ਬਹੁਤ ਜ਼ਰੂਰੀ ਹੈ ਓਥੇ ਇਸ ਅਦਰੂਨੀ ਕਲਾ ਨੂੰ ਨਿਖਾਰਨ ਲਈ ਸਾਹਿਤਕ ਕਲਾਵਾਂ ਦਾ ਹੁਨਰ ਹੋਣਾ ਵੀ ਬਹੁਤ ਜ਼ਰੂਰੀ ਹੈ। ਹੋਰੇਸ ਸਭ ਤੋਂ ਵੱਧ ਜ਼ੋਰ ਸਾਹਿਤਕ ਅਲੋਚਨਾ ਦੀ ਅਹਿਮੀਅਤ 'ਤੇ ਦਿੰਦਾ ਹੋਇਆ ਕਹਿੰਦਾ ਹੈ ਕਿ ਇੱਕ ਬੇਝਿਜਕ ਆਲੋਚਕ ਹੀ ਤੁਹਾਨੂੰ ਸਹੀ ਰਾਇ ਦੇ ਸਕਦਾ ਹੈ। ਜੇ ਆਲੋਚਕ ਅਲੋਚਨਾ ਕਰਨ ਲੱਗਿਆਂ ਲੇਖਕ ਦੀ ਨਾਰਾਜ਼ਗੀ ਤੋਂ ਡਰਦਾ ਰਹੇਗਾ ਤਾਂ ਸਹੀ ਆਲੋਚ-ਨਾ ਨਹੀਂ ਕਰ ਸਕੇਗਾ। ਕਿਸੇ ਨਾ ਕਿਸੇ ਰੂਪ ਵਿੱਚ ਲੇਖਕ ਵੱਲੋਂ ਅਹਿਸਾਨ ਕਰਕੇ ਕਾਣਾ ਕੀਤਾ ਗਿਆ ਆਲੋਚਕ ਜਾਂ ਪਾਠਕ ਸਿਰਫ ਤੇ ਸਿਰਫ ਫੋਕੀ ਤਾਰੀਫ਼ ਹੀ ਕਰੇਗਾ ਅਤੇ ਉਹ ਤਾਰੀਫ਼ ਕਿਸੇ ਮਰਗ 'ਤੇ ਵੈਣ ਪਾਉਣ ਲਈ ਕਿਰਾਏ 'ਤੇ ਲਿਆਂਦੀ ਗਈ ਨਾਇਣ ਦੇ ਵੈਣਾਂ ਵਰਗੀ ਹੀ ਹੁੰਦੀ ਹੈ। ਹੋਰੇਸ ਇਹ ਵੀ ਕਹਿੰਦਾ ਹੈ ਕੋਈ ਕਵਿਤਾ ਲਿਖਣ ਤੋਂ ਬਾਅਦ ਲੇਖਕ ਨੂੰ ਛਪਵਾਉਣ (ਉਸ ਸਮੇਂ ਲੋਕਾਂ ਨੂੰ ਸੁਣਾਉਣ) ਦੀ ਕਾਹਲ਼ ਨਹੀਂ ਕਰਨੀ ਚਾਹੀਦੀ ਕਿਉਂਕਿ ਅਣਛਪੀ/ਅਣਸੁਣਾਈ ਗਈ ਰਚਨਾ ਨੂੰ ਤਾਂ ਲੇਖਕ ਜਦੋਂ ਚਾਹੇ ਸੋਧ ਸਕਦਾ ਹੈ ਪਰ "ਜੋ ਸ਼ਬਦ ਇੱਕ ਵਾਰ ਬੋਲ ਦਿੱਤੇ ਜਾਂਦੇ ਨੇ ਉਨ੍ਹਾਂ ਨੂੰ ਮੁੜ ਕੇ ਘਰ ਦਾ ਰਾਹ ਨਹੀਂ ਲੱਭਦਾ।"

ਕੁਲਵਿੰਦਰ ਦੇ ਇਸ ਉਪਰਾਲੇ ਦੀ ਸਾਰਿਆਂ ਵੱਲੋਂ ਪ੍ਰਸੰਸਾ ਕੀਤੀ ਗਈ ਅਤੇ ਸਹਿਮਤੀ ਪ੍ਰਗਟਾਈ ਗਈ ਕਿ ਹਰ ਮੀਟਿੰਗ ਵਿੱਚ ਅਜਿਹੀ ਵਿਚਾਰ-ਚਰਚਾ ਛੇੜਨੀ ਬਹੁਤ ਜ਼ਰੂਰੀ ਹੈ। ਕਵਿਤਾ ਦੇ ਦੌਰ ਵਿੱਚ ਸ਼ਿਵਰਾਜ ਸਨੀ ਅਤੇ ਰਿੰਟੂ ਭਾਟੀਆ ਨੇ ਆਪਣੇ ਖ਼ੂਬਸੂਰਤ ਤਰੰਨਮ ਵਿੱਚ ਰਚਨਾਵਾਂ ਪੇਸ਼ ਕੀਤੀਆਂ ਜਦਕਿ ਭੁਪਿੰਦਰ ਦੂਲੈ, ਕੁਲਵਿੰਦਰ

ਖਹਿਰਾ, ਗਿਆਨ ਸਿੰਘ ਘਈ, ਪਰਮਜੀਤ ਦਿਓਲ, ਜਸਵੰਤ ਕੌਰ, ਸੁਰਿੰਦਰਜੀਤ ਕੌਰ, ਅਤੇ ਪਹਿਲੀ ਵਾਰ ਸਟੇਜ 'ਤੇ ਪੇਸ਼ ਹੋਏ ਨੌਜਵਾਨ ਸ਼ਾਇਰ ਸਿਮਰਨਜੀਤ ਸਿੰਘ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕੀਤੀਆਂ। ਜੋਗਿੰਦਰ ਪੂਨੀ ਨੇ ਕਾਫ਼ਲੇ ਦੀਆਂ ਮੀਟਿੰਗਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਲਈ ਸੁਝਾਅ ਦਿੱਤੇ। ਮੀਟਿੰਗ ਵਿੱਚ

ਮਨਮੋਹਨ ਸਿੰਘ ਗੁਲਾਟੀ, ਕਿਰਪਾਲ ਸਿੰਘ ਪੰਨੂੰ, ਪੂਰਨ ਸਿੰਘ ਪਾਂਧੀ, ਗੁਰਜਿੰਦਰ ਸੰਘੇੜਾ, ਸੁਰਿੰਦਰ ਖਹਿਰਾ, ਗੁਰਬਚਨ ਸਿੰਘ ਚਿੰਤਕ, ਚਮਕੌਰ ਸਿੰਘ ਮਾਛੀਕੇ, ਕੋਮਲਪ੍ਰੀਤ, ਦੀਪ ਖੰਗੂੜਾ, ਅਤੇ ਬਲਵਿੰਦਰ ਸਿੰਘ, ਆਦਿ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਵਿੱਚ ਬ੍ਰਜਿੰਦਰ ਗੁਲਾਟੀ, ਮਨਮੋਹਨ ਗੁਲਾਟੀ, ਸੁਰਿੰਦਰ ਖਹਿਰਾ, ਅਤੇ ਗੁਰਜਿੰਦਰ ਸੰਘੇੜਾ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਜਦਕਿ ਸਟੇਜ ਦੀ ਜ਼ਿੰਮੇਂਵਾਰੀ ਕੁਲਵਿੰਦਰ ਖਹਿਰਾ ਵੱਲੋਂ ਨਿਭਾਈ ਗਈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਸੇਵਾਦਲ ਮਲਟੀਕਲਚਰ ਈਵੈਂਟ 22 ਜੂਨ ਨੂੰ




ਸਿਨੀਅਰਜ਼ ਸੋਸ਼ਿਲ ਸਰਵਿਸਜ਼ ਗਰੁਪ ਵਲੋਂ ਹਰ ਸਾਲ ਮਨਾਈ ਜਾਣ ਵਾਲੀ ਮਲਟੀਕਲਚਰ ਈਵੈਂਟ ਇਸ ਬਾਰ 22 ਜੂਨ ਨੂੰ ਐਫ ਬੀ ਆਈ ਸਕੂਲ ਦੇ ਨਵੇਂ ਆਡੇਟੋਰੀਅਮ ਵਿਚ 1-4 ਵਜੇ ਦੁਪਹਿਰ ਨੂੰ ਮਨਾਈ ਜਾ ਰਹੀ ਹੈ। ਬਹੁਤ ਸਾਰੇ ਪ੍ਰੇਮੀ ਪੁਛਦੇ ਹਨ ਕਿ ਇਹ ਈਵੈਂਟ ਕੇਵਲ ਸੀਨੀਅਰਜ਼ ਲਈ ਹੈ ਜਾਂ ਪ੍ਰੀਵਾਰਾ ਲਈ ਭੀ ਹੈ। ਦਸ ਦੇਣਾ ਬਣਦਾ ਹੈ ਕਿ ਇਹ ਈਵੈਂਟ ਸਭ ਲਈ ਅਤੇ ਹਰ ਉਮਰ ਦੇ ਦਰਸ਼ਕਾ ਵਾਸਤੇ ਹੈ। ਪ੍ਰੀਵਾਰਾ ਸਮੇਤ ਸ਼ਾਮਲ ਹੋਇਆ ਜਾ ਸਕਦਾ ਹੈ। ਬਿਲਕੁਲ ਮੁਫਤ ਐਂਟਰੀ ਹੈ। ਬਹੁਤ ਨਫੀਸ ਖਾਣ ਪੀਣ ਅਤੇ ਇੰਟਰਟੇਨਮੈਂਟ ਦਾ ਬੰਦੋਬਸਤ ਕੀਤਾ ਜਾਂਦਾ ਹੈ। ਇਸ ਵਾਰ ਦਾ ਫੋਕਸ 'ਸਕੀਜੋਫਰੀਨੀਆ' ਇਕ ਮਾਨਸਿਕ ਬੀਮਾਰੀ ਬਾਰੇ ਹੈ। ਅਸੀਂ ਕੇਵਲ ਇਹ ਚਹੁੰਦੇ ਹਾਂ ਕਿ ਫੋਨ ਕਰਕੇ ਦਸ ਦਿਤਾ ਜਾਵੇ ਕਿ ਤੁਸੀਂ ਕਿੰਨੇ ਬੰਦੇ ਆ ਰਹੇ ਹੋ। ਇਸ ਨਾਲ ਬੰਦੋਬਸਤ ਕਰਨ ਵਿਚ ਸਹੂਲਤ ਹੋ ਜਾਂਦੀ ਹੈ। ਵਰਨਾ ਕਿਸੇ ਵੀ ਆਏ ਨੂੰ ਰੋਕਿਆ ਨਹੀਂ ਜਾਵੇਗਾ। ਖਾਣ ਪੀਣ ਕੇਵਲ 12,30 ਤੋਂ 1 ਵਜੇ ਤਕ ਹੀ ਹੋਵੇਗਾ। 1 ਵਜੇ ਪਰੋ-ਗਰਾਮ ਛੁਰੂ ਹੋ ਜਾਵੇਗਾ ਅਤੇ ਲੰਗਰ ਬੰਦ ਹੋ ਜਾਵੇਗਾ। ਕਿਓ ਕਿ ਬਹੁਤਿਆ ਲਈ ਨਵੀਂ ਜਗਾਹ ਪਹੁੰਚਣ ਲਈ ਦਿਕਤ ਹੋ ਸਕਦੀ ਹੈ। ਇਸ ਲਈ ਪਹਿਲੀ ਬਾਰੀ ਆਉਣ ਵਾਲੇ ਸਜਣਾ ਲਈ

ਲੁਕੇਸ਼ਨ ਬਾਰੇ ਦਸ ਦੇਣਾ ਮੁਨਾਸਬ ਗਿਣਦੇ ਹਾਂ। ਏਅਰ ਪੋਰਟ ਰੋਡ ਅਤੇ ਕਿਊਨਜ਼ ਰੋਡ ਦੇ ਕਰਾਸਿੰਗ ਤੋ ਸਊਥ ਵਲ ਅਗਲੀ ਸੜਕ ਦਾ ਨਾਮ ਕੁਵੈਨਟਰੀ ਰੋਡ ਹੈ। ਇਸ ਦੇ ਕਾਰਨਰ ਤੇ ਹੌਲੀਡੇਅ ਇਨ ਹੈ। ਕੁਵੈਂਟਰੀ ਰੋਡ ਉਪਰ ਖਬੇ ਹਥ ਤੀਸਰੀ ਲਾਲ ਰੰਗ ਦੀ ਤਿੰਨ ਮੰਜਲਾ ਬਿਲਡਿੰਗ ਐਫ ਬੀ ਆਈ ਸਕੂਲ ਦੀ ਹੈ। ਹੋਰ ਸੌਖਿਆ ਸਮਝਣ ਲਈ ਵਾਲ ਮਾਰਟ ਦੇ ਪਿਛਲੇ ਪਾਸੇ ਜਾਈਏ ਤਾਂ ਬਿਲਡਿੰਗ ਬਿਲਕੁਲ ਸਾਫ ਸਾਹਮਣੇ ਦਿਖ਼ਦੀ ਹੈ। ਕਾਰ ਵਾਲਮਾਰਟ ਦੇ ਪਾਰਕਿੰਗ ਲਾਟ ਵਿਚ ਵੀ ਪਾਰਕ ਹੋ ਸਕਦੀ ਹੈ। ਵੈਸੇ ਸਕੂਲ ਵਿਚ ਵਿਚ ਵੀ ਕਾਫੀ ਪਾਰਕਿੰਗ ਹੈ। ਏਅਰ ਪੋਰਟ ਰੋਡ ਨਾਰਥ ਅਤੇ ਸਊਥ ਚਲਣ ਵਾਲੀ 30 ਨੰਬਰ ਬੱਸ ਅਤੇ ਸ਼ੁਚਿਰਵਾਰ ਨੂੰ 1 ਨੰਬਰ ਬੱਸ ਠੀਕ ਕੁਵੈਨਟਰੀ ਰੋਡ ਦੇ ਸਟਾਪ ਉਪਰ ਉਤਾਰਣਗੀਆਂ। ਇਸਤੋਂ ਇਲਾਵਾ 501 ਅਤੇ 501-ਏ ਬਸਾਂ ਦਾ ਇਸਤੇਮਾਲ ਵੀ ਹੋ ਸਕਦਾ ਹੈ ਜੋ ਕੁਈਨ ਅਤੇ ਏਅਰਪੋਰਟ ਰੋਡ ਕਰਾਸਿੰਗ ਉਪਰ ਉਤਾਰ ਦੇਣਗੀਆ। ਕਿਸੇ ਹੋਰ ਜਾਣਕਾਰੀ ਲਈ ਫੋਨ ਹਨ ਸਕੱਤਰ 905 794 7882 ਜਾਂ ਸਕੂਲ 905 791 4600

# ਸਿਲਾਈ-ਕਢਾਈ ਦੇ ਕੋਰਸ ਵਾਲੀਆਂ 50 ਲੜਕੀਆਂ ਨੂੰ ਲੁਧਿਆਣਾ ਦੀ ਕੰਪਨੀ 'ਚ ਮਿਲੀ ਨੌਕਰੀ



ਫ਼ਿਰੋਜ਼ਪੁਰ, 4 ਜੂਨ (ਗਿਆਨ ਸਿੰਘ): ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਤਹਿਤ ਫ਼ਿਰੋਜ਼ਪੁਰ ਬਾਰਡਰ ਇਲਾਕੇ ਵਿੱਚ ਰਹਿਣ ਵਾਲੀਆਂ 50 ਲੜਕੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਲਾਈ-ਕਢਾਈ ਦਾ ਤਿੰਨ ਮਹੀਨੇ ਦਾ ਕੋਰਸ ਕਰਵਾਉਣ ਤੋਂ ਬਾਅਦ ਲੁਧਿਆਣਾ ਦੀ ਵਰਧਮਾਨ ਕੰਪਨੀ ਵਿੱਚ ਨੌਕਰੀ ਦਿਵਾਈ ਗਈ ਹੈ। ਮੰਗਲਵਾਰ ਨੂੰ ਡਿਪਟੀ ਕਮਿਸ਼ਨਰ ਸ੍ਰੀ. ਚੰਦਰ ਗੈਂਦ, ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦੀ ਪਤਨੀ ਸ੍ਰੀਮਤੀ ਇੰਦਰਜੀਤ ਕੌਰ ਵੱਲੋਂ ਸੰਯੁਕਤ ਰੂਪ ਵਿੱਚ ਇਨ੍ਹਾਂ ਸਾਰੀਆਂ ਲੜਕੀਆਂ ਨੂੰ ਨਵੇਂ ਭਵਿੱਖ ਦੀ ਸ਼ੁਰੂਆਤ ਦੇ ਲਈ ਰਵਾਨਾ ਕੀਤਾ ਗਿਆ। ਸਾਰੀਆਂ ਲੜਕੀਆਂ ਨੂੰ ਬੱਸ ਵਿੱਚ ਲੁਧਿਆਣਾ ਭੇਜਿਆ ਗਿਆ ਅਤੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਅਤੇ ਸ੍ਰੀਮਤੀ ਇੰਦਰਜੀਤ ਕੌਰ ਨੇ ਹਰੀ ਝੰਡੀ ਦੇ ਕੇ ਬੱਸ ਨੂੰ ਰਵਾਨਾ ਕੀਤਾ।

ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਦੱਸਿਆ ਕਿ ਪੰਜਾਬ ਬਾਰਡਰ ਏਰੀਆ ਡਿਵੈਲਪਮੈਂਟ ਸਕੀਮ ਦੇ ਤਹਿਤ ਇਨ੍ਹਾਂ ਲੜਕੀਆਂ ਨੂੰ ਰੁਜ਼ਗਾਰ ਦੇ ਲਈ ਚੁਣਿਆ ਗਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਕਿੱਲ ਡਿਵੈਲਪਮੈਂਟ ਅਤੇ ਘਰ-ਘਰ ਰੁਜ਼ਗਾਰ ਯੋਜਨਾ ਦੇ ਤਹਿਤ ਬਾਰਡਰ ਇਲਾਕੇ ਵਿੱਚ ਖ਼ਾਸ ਤੌਰ ਤੇ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਦੇ ਤਹਿਤ ਇਨ੍ਹਾਂ ਲੜਕੀਆਂ ਨੂੰ ਫ਼ਿਰੋਜ਼ਪੁਰ ਦੇ ਅਲੱਗ-ਅਲੱਗ ਇਲਾਕਿਆਂ ਵਿੱਚ ਚੱਲਣ ਵਾਲੇ ਸਕਿੱਲ ਡਿਵੈਲਪਮੈਂਟ ਸੈਂਟਰਾਂ ਵਿੱਚ ਤਿੰਨ ਮਹੀਨੇ ਦਾ ਸਿਲਾਈ-ਕਢਾਈ ਦਾ ਕੋਰਸ ਕਰਵਾਇਆ ਗਿਆ। ਕੋਰਸ ਖ਼ਤਮ ਹੋਣ ਤੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਤਹਿਤ ਇਨ੍ਹਾਂ ਲੜਕੀਆਂ ਨੂੰ ਟ੍ਰੇਨਿੰਗ ਸਰਟੀਫਿਕੇਟ ਵੀ ਦਿੱਤੇ ਗਏ। ਇਹ ਟ੍ਰੇਨਿੰਗ ਗੁਰੂ ਨਾਨਕ ਐਜੂਕੇਸ਼ਨ ਐਂਡ ਚੈਰੀਟੇਬਲ ਸੋਸਾਇਟੀ ਵੱਲੋਂ ਦਿੱਤੀ ਜਾ ਰਹੀ ਹੈ। ਵਰਧਮਾਨ ਕੰਪਨੀ ਦੇ ਜੀ.ਐੱਮ.ਐੱਚ.ਆਰ ਸ਼ਿਵ ਕੁਮਾਰ ਨੇ ਦੱਸਿਆ ਕਿ ਕੰਪਨੀ ਵੱਲੋਂ ਇਨ੍ਹਾਂ ਲੜਕੀਆਂ ਨੂੰ ਡੇਢ ਮਹੀਨੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਟ੍ਰੇਨਿੰਗ ਦੌਰਾਨ 7 ਹਜ਼ਾਰ ਰੁਪਏ ਦਾ ਭੱਤਾ ਦਿੱਤਾ ਜਾਵੇਗਾ ਅਤੇ ਟ੍ਰੇਨਿੰਗ ਖ਼ਤਮ ਹੁੰਦਿਆਂ ਹੀ ਇਨ੍ਹਾਂ ਲੜਕੀਆਂ ਨੂੰ 9 ਹਜ਼ਾਰ ਰੁਪਏ ਦੀ ਤਨਖ਼ਾਹ ਦਿੱਤੀ ਜਾਵੇਗੀ। ਇੱਥੇ ਘੱਟ ਖ਼ਰਚੇ ਤੇ ਹੋਸਟਲ ਅਤੇ ਖਾਣੇ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਜਾਵੇਗੀ ਅਤੇ ਸਾਰੀਆਂ ਲੜਕੀਆਂ ਦਾ ਪ੍ਰੋਵੀਡੈਂਟ ਫ਼ੰਡ ਸਕੀਮ ਤਹਿਤ ਖਾਤਾ ਖੁੱਲ੍ਹੇਗਾ, ਜਿਸ ਵਿੱਚ ਉਨ੍ਹਾਂ ਦਾ ਫ਼ੰਡ ਜਮ੍ਹਾ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਮੈਡੀਕਲ ਸੁਵਿਧਾਵਾਂ ਦੇ ਲਈ ਸਾਰਿਆਂ ਦੀ ਈ.ਐੱਸ.ਆਈ. ਦੇ ਨਾਲ ਰਜਿਸਟ੍ਰੇਸ਼ਨ ਹੋਵੇਗੀ। ਸਾਰੀਆਂ ਲੜਕੀਆਂ ਨੂੰ ਬੋਨਸ, ਗਰੈਚਊਟੀ ਵਰਗੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਇੱਥੇ ਡਿਊਟੀ ਕਰਨ ਵਾਲੀਆਂ ਲੜਕੀਆਂ ਨੂੰ ਸੋਸ਼ਲ ਸਕਿਉਰਿਟੀ ਦੇ ਲਈ ਸ਼ਗਨ ਸਕੀਮ ਅਤੇ ਸਕਾਲਰਸ਼ਿਪ ਸਕੀਮ ਵੀ ਮੁਹੱਈਆ ਕਰਵਾਈ ਜਾਵੇਗੀ। ਜੇਕਰ ਕੋਈ ਲੜਕੀ ਅੱਗੇ ਪੜ੍ਹਾਈ ਲਿਖਾਈ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਸਕਾਲਰਸ਼ਿਪ ਵੀ ਦਿੱਤੀ ਜਾਵੇਗੀ।

ਇੰਦਰਜੀਤ ਕੌਰ ਨੇ ਕਿਹਾ ਕਿ ਫ਼ਿਰੋਜ਼ਪੁਰ ਨੂੰ ਪੰਜਾਬ ਦੇ ਬਿਹਤਰੀਨ ਸ਼ਹਿਰਾਂ ਵਿੱਚ ਸ਼ਾਮਲ ਕਰਨ ਲਈ ਵਿਧਾਇਕ ਸ੍ਰ. ਪਰਮਿੰਦਰ ਸਿੰਘ ਪਿੰਕੀ ਦਿਨ-ਰਾਤ ਮਿਹਨਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਦੇਸ਼ ਦੇ ਐਸਪੀਰੇਸ਼ਨ ਜ਼ਿਲ੍ਹੇ ਦੀ ਸੂਚੀ ਵਿੱਚ ਸ਼ਾਮਲ ਹੈ, ਇਸ ਲਈ ਸਾਡਾ ਧਿਆਨ ਸਿਹਤ ਸੁਵਿਧਾਵਾਂ, ਸਿੱਖਿਆ ਵਿਵਸਥਾ ਆਦਿ ਤੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਤਕਨੀਕੀ ਹੁਨਰ ਸਿਖਾਉਣ ਅਤੇ ਰੁਜ਼ਗਾਰ ਦੇਣ ਲਈ ਵਚਨਬੱਧ ਹੈ, ਜਿਸ ਦੇ ਚੱਲਦੇ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਲਗਾਤਾਰ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਤੋਂ ਬਾਅਦ ਇਨ੍ਹਾਂ ਟ੍ਰੇਨਿੰਗ ਪ੍ਰਾਪਤ ਬੱਚਿਆਂ ਨੂੰ ਜਾਬ ਫੇਅਰ ਦੇ ਤਹਿਤ ਰੁਜ਼ਗਾਰ ਦਿੱਤਾ ਜਾ ਰਿਹਾ ਹੈ।

## ਮੋਹਾਲੀ 'ਚ 8.18 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ ਅਤਿ ਆਧੁਨਿਕ ਸ਼ੂਟਿੰਗ ਰੇਂਜ



ਮੋਹਾਲੀ, 4 ਜੂਨ (ਗਿਆਨ ਸਿੰਘ) ਪੰਜਾਬ ਸਰਕਾਰ ਵੱਲੋਂ ਮੁਹਾਲੀ ਫੇਜ਼-6 ਵਿਖੇ 8.18 ਕਰੋੜ ਰੁਪਏ ਦੀ ਲਾਗਤ ਨਾਲ ਕੌਮਾਂਤਰੀ ਪੱਧਰ ਦੀ ਅਤਿ ਆਧੁਨਿਕ 10 ਮੀਟਰ ਇੰਡੋਰ ਸ਼ੂਟਿੰਗ ਰੇਂਜ ਬਣਾਈ ਜਾ ਰਹੀ ਹੈ ਜੋ ਕਿ 31 ਮਾਰਚ 2020 ਤੱਕ ਨਿਸ਼ਾਨੇਬਾਜ਼ਾਂ ਨੂੰ ਸਪੁਰਦ ਕਰ ਦਿੱਤੀ ਜਾਵੇਗੀ। ਇਸ ਰੇਂਜ ਦਾ ਨੀਂਹ ਪੱਥਰ ਅੱਜ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਕੈਬਨਿਟ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਰੱਖਿਆ।

ਫੇਜ਼-6 ਵਿਖੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਖੇਡ ਮੰਤਰੀ ਰਾਣਾ ਸੋਢੀ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਦਾ ਮਿਆਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ। ਪਟਿਆਲਾ ਵਿਖੇ ਖੇਡ ਯੂਨੀਵਰਸਿਟੀ ਬਣਾਉਣ ਤੋਂ ਇਲਾਵਾ ਸੂਬੇ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਮੁਹਾਲੀ ਵਿਖੇ ਜਿੱਥੇ ਪਹਿਲਾਂ ਹੀ ਸ਼ੂਟਿੰਗ ਰੇਂਜ ਚੱਲ ਰਹੀ ਹੈ ਉਥੇ ਨਵੀਂ 10 ਮੀਟਰ ਇੰਡੋਰ ਸ਼ੂਟਿੰਗ ਰੇਂਜ ਬਣਾਈ ਜਾ ਰਹੀ ਹੈ ਜੋ ਓਲੰਪਿਕ ਪੱਧਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਰੇਂਜ 80 ਟਾਰਗੇਟ ਨਿਸ਼ਾਨਿਆਂ ਵਾਲੀ ਦੋ ਮੰਜ਼ਿਲਾ ਏਅਰ ਕੰਡੀਸ਼ਨਡ ਅਤੇ ਇਲੈਕਟ੍ਰਾਨਿਕ ਸਕੋਰ ਵਾਲੀ ਹੋਵੇਗੀ।

ਰਾਣਾ ਸੋਢੀ ਨੇ ਕਿਹਾ ਕਿ 8.18 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀ ਇਹ ਰੇਂਜ 31 ਮਾਰਚ 2020 ਤੱਕ ਮੁਕੰਮਲ ਹੋ ਜਾਵੇਗੀ ਜਿਸ ਤੋਂ ਬਾਅਦ ਨਿਸ਼ਾਨੇਬਾਜ਼ ਇਥੇ ਤਿਆਰੀ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਓਲੰਪਿਕ ਖੇਡਾਂ ਵਿੱਚ ਸ਼ੁਮਾਰ ਖੇਡਾਂ ਨੂੰ ਤਰਜੀਹੀ ਸੂਚੀ ਵਿੱਚ ਰੱਖਿਆ ਗਿਆ ਤਾਂ ਜੋ ਵੱਧ ਤੋਂ ਵੱਧ ਕੌਮਾਂਤਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਨਿਸ਼ਾਨੇਬਾਜ਼ੀ ਇਨ੍ਹਾਂ ਖੇਡਾਂ ਵਿੱਚੋਂ ਇਕ ਹੈ।

ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੁਹਾਲੀ ਸ਼ਹਿਰ ਨੂੰ ਨਵੀਂ ਸ਼ੂਟਿੰਗ ਰੇਂਜ ਦੇਣ ਲਈ ਮੁੱਖ ਮੰਤਰੀ ਤੇ ਖੇਡ ਮੰਤਰੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁਹਾਲੀ ਖੇਡ ਖੇਤਰ ਵਿੱਚ ਕੌਮਾਂਤਰੀ ਪੱਧਰ ਉਤੇ ਚਮਕ ਰਿਹਾ ਹੈ ਅਤੇ ਇਸ ਰੇਂਜ ਦੇ ਬਣਨ ਨਾਲ ਇਥੋਂ ਦੇ ਨਿਸ਼ਾਨੇਬਾਜ਼ਾਂ ਨੂੰ ਹੋਰ ਵੀ ਮੌਕੇ ਮਿਲਣਗੇ।

ਇਸ ਤੋਂ ਪਹਿਲਾਂ ਖੇਡ ਵਿਭਾਗ ਦੀ ਡਾਇਰੈਕਟਰ ਅੰਮ੍ਰਿਤ ਕੌਰ ਗਿੱਲ ਨੇ ਦੋਵਾਂ ਮੰਤਰੀਆਂ ਰਾਣਾ ਸੋਢੀ ਤੇ ਸਿੱਧੂ ਦਾ ਸਵਾਗਤ ਕੀਤਾ। ਰਾਣਾ ਸੋਢੀ ਤੇ ਸਿੱਧੂ ਨੇ ਪਹਿਲਾਂ ਤੋਂ ਹੀ ਚੱਲ ਰਹੀ ਸ਼ੂਟਿੰਗ ਰੇਂਜ ਦਾ ਨਿਰੀਖਣ ਕੀਤਾ ਅਤੇ ਉਥੇ ਤਿਆਰੀ ਕਰ ਰਹੇ ਨਿਸ਼ਾਨੇਬਾਜ਼ਾਂ ਤੋਂ ਫੀਡਬੈਕ ਵੀ ਹਾਸਲ ਕੀਤੀ।

ਇਸ ਮੌਕੇ ਅਧੀਨ ਸੇਵਾਵਾਂ ਚੋਣ ਬੋਰਡ ਦੇ ਚੇਅਰਮੈਨ ਰਮਨ ਬਹਿਲ, ਐਸ.ਡੀ.ਐਮ. ਜਗਦੀਪ ਸਹਿਗਲ, ਖੇਡ ਵਿਭਾਗ ਦੇ ਡਿਪਟੀ ਡਾਇਰੈਕਟਰ ਕਰਤਾਰ ਸਿੰਘ ਸੈਂਹਬੀ, ਕਾਰਜਕਾਰੀ ਇੰਜਨੀਅਰ ਸੰਜੇ ਮਹਾਜਨ, ਬਹਾਦਰ ਸਿੰਘ, ਕੈਬਨਿਟ ਮੰਤਰੀ ਸਿੱਧੂ ਦੇ ਰਾਜਸੀ ਸਕੱਤਰ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਰਿੰਪਲ ਮਿੱਢਾ ਆਦਿ ਹਾਜ਼ਰ ਸਨ।


KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਦੇਸ਼ ਦੀਆਂ ਧੀਆਂ ਦੇ ਕਤਲਾਮ ਦੀ ਗੱਲ

**ਪੰਜਾਬੀ ਪੋਸਟ ਵਿਸ਼ੇਸ਼**





'ਅੱਜ ਦਿਨ ਕਿੰਨਾ ਸੂਰਜੀ ਹੈ
ਤਾਹੀਂਓ ਟੱਬਰ ਰਲ ਬੈਠਾ ਹੈ,
ਕਾਲੇ ਬੋਲੇ ਇਹ ਬੱਦਲ ਮੋਏ
ਕੱਜਦੇ ਨੇ ਤੱਪਦੇ ਸੂਰਜ ਦੇ ਲੋਹੇ,
ਕੁੜੀਆਂ ਚਿੜੀਆਂ ਖੇਡਣ ਜੁੜੀਆਂ
ਪਰ ਰੁਕੋ ਨੀਂ ਭੈਣੋ ਵੇਖੋ ਤਾਂ ਸਹੀ
ਕਿੱਥੇ ਨੇ ਜੋ ਗੁੰਮ ਸਨ ਹੋਈਆਂ!'

ਉਪਰੋਕਤ ਸਤਰਾਂ ਮੀਟੀਜ਼ ਫਸਟ ਨੇਸ਼ਨ ਨਾਲ ਸਬੰਧਿਤ ਮੂਲਵਾਸੀ ਬੈਨ ਰਿਚਰਡ (Ben Richard) ਦੀ ਉਸ ਕਵਿਤਾ Missing ਦਾ ਪੰਜਾਬੀ ਪੋਸਟ ਵੱਲੋਂ ਕੀਤਾ ਗਿਆ ਮੋਟਾ ਜਿਹਾ ਉੱਲਥਾ ਹੈ ਜੋ ਉਸਨੇ ਆਪਣੀ ਮਾਂ ਅਤੇ ਉਹਨਾਂ ਸਾਰੀਆਂ ਗੁਆਚੀਆਂ ਔਰਤਾਂ ਅਤੇ ਲੜਕੀਆਂ ਦੀ ਯਾਦ ਵਿੱਚ ਲਿਖੀ ਜੋ ਗੁੰਮ ਹੋ ਚੁੱਕੀਆਂ ਹਨ, ਮਾਰੀਆਂ ਜਾ ਚੁੱਕੀਆਂ ਹਨ। ਰਿਚਰਡ ਉਸ ਵੇਲੇ 17 ਸਾਲਾਂ ਦਾ ਸੀ ਜਦੋਂ ਉਸ ਕੋਲੋਂ ਉਸ ਇਨਸਾਨ ਖੋਹ ਲਿਆ ਗਿਆ ਜੋ ਉਸਨੂੰ ਬੇਪਨਾਹ ਮੁਹੱਬਤ ਕਰਦੀ ਸੀ, ਜੋ ਉਸ ਵਾਸਤੇ ਸੱਭ ਤੋਂ ਵੱਧ ਮਹੱਤਵਪੂਰਣ ਸੀ। ਉਹ ਰਿਚਰਡ ਦੀ ਮਾਂ ਸੀ ਜਿਸਦਾ ਉਸਦੇ ਘਰ ਦੀ ਐਨ ਸਾਹਮਣੇ ਵਾਲੀ ਗਲੀ ਵਿੱਚ ਤੁਰੀ ਜਾਂਦੀ ਦਾ ਕਤਲ ਕਰ ਦਿੱਤਾ ਗਿਆ ਸੀ। ਰਿਚਰਡ ਮੁਤਾਬਕ ਸੁਪਰੀਮ ਕੋਰਟ ਤੱਕ ਹਰ ਪੱਧਰ ਦੀ ਅਦਾਲਤ ਦੇ ਬੂਹੇ ਖੜਕਾਉਣ ਤੋਂ ਬਾਅਦ ਐਨਾ ਹੀ ਪਤਾ ਲੱਗ ਸਕਿਆ ਸੀ ਕਿ ਉਸਦੀ ਮਾਂ ਦਾ ਕਾਤਲ ਕੌਣ ਹੈ, ਪਰ ਉਹ ਸ਼ਰੇਆਮ ਬਰੀ ਹੋ ਗਿਆ ਸੀ।

ਰਿਚਰਡ ਦੀ ਮਾਂ ਉਹਨਾਂ ਸੈਂਕੜੇ ਮੂਲਵਾਸੀ ਔਰਤਾਂ ਵਿੱਚ ਸ਼ਾਮਲ ਹੈ ਜਿਹਨਾਂ ਦੇ ਮਾਰੇ ਜਾਂ ਗੁੰਮ ਹੋ ਜਾਣ ਦੇ ਬਾਕੀ ਕੈਨੇਡੀਅਨ ਔਰਤਾਂ ਨਾਲੋਂ 12 ਗੁਣਾਂ ਵੱਧ ਆਸਾਰ ਹੁੰਦੇ ਹਨ। ਸਾਲ 2001 ਤੋਂ 2015 ਦੇ ਦਰਮਿਆਨ ਕੈਨੇਡਾ ਵਿੱਚ ਕਤਲ ਹੋਣ ਵਾਲੀਆਂ ਔਰਤਾਂ ਦਾ 25% ਹਿੱਸਾ ਮੂਲਵਾਸੀ ਔਰਤਾਂ ਸਨ ਜਦੋਂ ਕਿ ਮੂਲਵਾਸੀ ਕੈਨੇਡਾ ਦੀ ਜਨਸੰਖਿਆ ਦਾ ਮਹਿਜ਼ 4.8% ਹਿੱਸਾ ਹਨ। ਇਹ ਅੰਕੜੇ ਕਿਸੇ ਅਖਬਾਰ ਦੇ ਨਹੀਂ ਸਗੋਂ ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਇੱਕਤਰ ਕੀਤੇ ਗਏ ਹਨ।

ਮੂਲਵਾਸੀ ਔਰਤਾਂ ਨਾਲ ਜੋ ਕੁੱਝ ਹੋਇਆ, ਉਸਦਾ ਸੱਚ ਜਾਨਣ ਲਈ ਕੀਤੀ ਗਈ ਕੌਮੀ ਤਫਤੀਸ਼ (national enquiry) ਦੀ ਰਿਪੋਰਟ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਬੀਤੇ ਸ਼ੁੱਕਰਵਾਰ ਪੇਸ਼ ਕੀਤੀ ਗਈ। ਦਿਲ ਨੂੰ ਹਿਲਾ ਦੇਣ ਵਾਲਾ ਕੰਮ ਹੈ ਇਸ ਅਤੀਅੰਤ ਸੰਵੇਦਨਸ਼ੀਲ ਮੁੱਦੇ ਉੱਤੇ ਤਫ਼ਤੀਸ਼ ਕਰਨਾ। ਜੇ ਸੱਚ ਜਾਨਣਾ ਹੈ ਤਾਂ ਰਿਪੋਰਟ ਵਿੱਚ ਜਾਂਚ ਕਰਨ ਵਾਲਿਆਂ ਦੇ ਦਰਜ਼ ਬਿਆਨਾਂ ਨੂੰ ਪੜਨਾ ਲਾਜ਼ਮੀ ਹੈ। ਜਿਸ ਸਮਾਜ ਵਿੱਚ ਔਰਤ ਦੀ ਕਦਰ ਨਾ ਹੋਵੇ, ਜਿਸ ਸਮਾਜ ਵਿੱਚ ਔਰਤ ਸੁਰੱਖਿਅਤ ਮਹਿਸੂਸ ਨਾ ਕਰੇ, ਉਸ ਸਮਾਜ ਨੂੰ ਕੁੱਝ ਵੀ ਕਿਹਾ ਜਾ ਸਕਦਾ ਹੈ ਪਰ ਸਹੀ ਅਤੇ ਸੁਰੱਖਿਅਤ ਨਹੀਂ ਆਖਿਆ ਜਾ ਸਕਦਾ। ਮੂਲਵਾਸੀ ਔਰਤਾਂ ਦੀ ਨਾਜ਼ੁਕ ਸਥਿਤੀ ਘੱਟ ਗਿਣਤੀ ਪਰਵਾਸੀਆਂ ਲਈ ਵਿਸ਼ੇਸ਼ ਸੁਆਲ ਖੜੇ ਕਰਦੀ ਹੈ ਜੋ ਕੈਨੇਡਾ ਆਉਂਦੇ ਹੀ ਆਪਣੀਆਂ ਔਲਾਦਾਂ ਦੀ ਬਿਹਤਰੀ ਵਾਸਤੇ ਹਨ! ਕਿਸੇ ਮੁਲਕ ਦੇ ਮਰਦ ਕਿਸ ਮੂੰਹ ਨਾਲ ਹਿੱਕ ਥਾਪੜਨ ਦਾ ਜੇਰਾ ਕਰ ਸਕਦੇ ਹਨ ਜਿਹਨਾਂ ਨੂੰ ਜੰਮਣ ਵਾਲੀਆਂ 'ਮਰ ਜਾਣੀਆਂ' ਹੋਣ।

ਕੀ ਬਾਹਰ ਦਾ ਇਹ ਵਿਕਾਸ, ਵਿਖਾਵਾ ਫੋਕਾ ਹੋ ਕੇ ਨਹੀਂ ਰਹਿ ਜਾਂਦਾ ਅਜਿਹੇ ਕੌੜੇ ਸੱਚ ਦੇ ਸਾਹਮਣੇ!

1200 ਪੰਨਿਆਂ ਦੀ ਇਸ ਰਿਪੋਰਟ ਵਿੱਚ ਇੱਕ ਸ਼ਬਦ ਹੈ ਜੋ ਪੜਨ ਵਾਲੇ ਦੇ ਸੀਨੇ ਵਿੱਚ ਨੇਜੇ ਵਾਂਗੂੰ ਵਾਰ ਵਾਰ ਵੱਜਦਾ ਹੈ। ਉਹ ਸ਼ਬਦ ਹੈ ਜੈਨੋਸਾਈਡ ਭਾਵ ਕਤਲਾਮ। ਬੇਸ਼ੱਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰਿਪੋਰਟ ਪ੍ਰਾਪਤ ਕਰਨ ਤੋਂ ਬਾਅਦ ਜੈਨੋਸਾਈਡ ਸ਼ਬਦ ਵਰਤਣ ਤੋਂ ਇਨਕਾਰ ਕਰ ਦਿੱਤਾ ਹੈ, ਬੇਸ਼ੱਕ ਵਿਰੋਧੀ ਧਿਰਾਂ ਇਸ ਨੂੰ ਲੈ ਕੇ ਵਾਵੇਲਾ ਖੜਾ ਕਰ ਰਹੀਆਂ ਹਨ, ਪਰ ਕਤਲਾਮ ਦੇ ਅਰਥਾਂ ਬਾਰੇ ਸੋਚਣਾ ਤਾਂ ਆਮ ਨਾਗਰਿਕ ਨੂੰ ਬਣਦਾ ਹੈ। ਇਹ ਆਮ ਗੱਲ ਹੈ ਕਿ ਜੇ ਕਿਸੇ ਭਾਈਚਾਰੇ ਦੇ ਆਪਣਿਆਂ ਨਾਲ ਕੁੱਝ ਵਾਪਰਦਾ ਹੈ ਤਾਂ ਉਸਦੀ ਝੱਟ 'ਜੈਨੋਸਾਈਡ, ਜ਼ੁਲਮ, ਕਲਤਾਮ ਆਦਿ' ਸ਼ਬਦਾਂ ਨਾਲ ਸੰਗਿਆ ਦੇ ਦਿੱਤੀ ਜਾਂਦੀ ਹੈ। ਇਹ ਗੱਲ ਕਿਸੇ ਇੱਕ ਕਮਿਉਨਿਟੀ ਨਹੀਂ ਸਗੋਂ ਸਾਰਿਆਂ ਉੱਤੇ ਸਹੀ ਢੁੱਕਦੀ ਹੈ। ਪਰ ਅੱਜ ਵਕਤ ਹੈ ਕਿ ਜਿਸ ਦੇਸ਼ ਦੀ ਧਰਤੀ ਉੱਤੇ ਅਸੀਂ ਹਰ ਹੱਕ, ਹਰ ਅਧਿਕਾਰ ਨੂੰ ਮਾਨਣ ਦੀ ਗੱਲ ਕਰਦੇ ਹਾਂ, ਉਸਦੇ ਅਸਲ ਵਾਰਸਾਂ ਦੀਆਂ ਧੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਜਰੂਰ ਮਾਰਿਆ ਜਾਵੇ।

ਰਿਪੋਰਟ ਵਿੱਚ 231 ਸਿਫਾਰਸ਼ਾਂ ਹਨ ਜਿਹਨਾਂ ਨੂੰ ਪੂਰੇ ਕਰਨ ਲਈ ਆਖਿਆ ਗਿਆ ਹੈ ਤਾਂ ਜੋ ਭੱਵਿਖ ਵਿੱਚ ਅਜਿਹਾ ਕੁੱਝ ਨਾ ਹੋਵੇ। ਭੱਵਿਖ ਸ਼ਬਦ ਇਸ ਲਈ ਕਿਉਂਕਿ ਗੱਲ ਵਰਤਮਾਨ ਵਿੱਚ ਹੋ ਚੁੱਕੇ ਕਤਲਾਂ ਦੀ ਹੋ ਰਹੀ ਹੈ। ਕੈਨੇਡਾ ਵਿੱਚ ਜੇ ਕਿਸੇ ਇਨਸਾਨ ਨੂੰ ਅਸੁਰੱਖਿਅਤ ਕਿਹਾ ਜਾ ਸਕਦਾ ਹੈ ਤਾਂ ਉਹ ਮੂਲਵਾਸੀ ਔਰਤਾਂ ਹਨ। ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਇਸ ਕਤਲਾਮ ਵਿੱਚ ਐਲ ਜੀ ਬੀ ਟੀ ਕਿਊ ਕਮਿਉਨਿਟੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਮਾਰੀਆਂ ਜਾ ਚੁੱਕੀਆਂ ਜਾਂ ਗੁੰਮ ਹੋਈਆਂ ਮੂਲਵਾਸੀ ਔਰਤਾਂ ਦੀ ਹੋਣੀ ਬਾਰੇ 1200 ਤੋਂ ਵੱਧ ਪੰਨਿਆਂ ਦੀ ਲੰਬੀ ਚੌੜੀ ਰਿਪੋਰਟ ਨੂੰ ਪੂਰਾ ਕਰਨ ਲਈ 2380 ਲੋਕਾਂ ਨੇ ਬਿਆਨ ਦਿੱਤੇ, ਕਈਆਂ ਨੇ ਇੱਕ ਤੋਂ ਵੱਧ ਵਾਰ। 270 ਉਹ ਪਰਿਵਾਰ ਸ਼ਾਮਲ ਹੋਏ ਜਿਹਨਾਂ ਦੀਆਂ ਧੀਆਂ ਧਿਆਣੀਆਂ ਮਾਰੀਆਂ ਜਾਂ ਲਾਪਤਾ ਹੋ ਚੁੱਕੀਆਂ ਹਨ, 819 ਲੋਕਾਂ ਨੇ ਆਪਣੀਆਂ ਕਲਾ ਕ੍ਰਿਤਾਂ ਨੂੰ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਸਾਂਝਾ ਕੀਤਾ। ਪਰ ਰਿਪੋਰਟ ਦਾ ਸੱਭ ਤੋਂ ਦਰਦਨਾਕ ਹਿੱਸਾ ਇਸਦਾ ਮੁੱਢਲਾ ਭਾਗ ਜੋ 'ਜੈਨੋਸਾਈਡ' ਦੀ ਪ੍ਰੀਭਾਸ਼ਾ ਨਾਲ ਆਰੰਭ ਹੁੰਦਾ ਹੈ।

ਰਿਪੋਰਟ ਮੁਤਾਬਕ ਜੈਨੋਸਾਈਡ ਸ਼ਬਦ ਸੱਭ ਤੋਂ ਪਹਿਲਾਂ ਪੋਲਿਸ਼ ਮੂਲ ਦੇ ਯਹੂਦੀ ਸਕਾਲਰ ਰੇਫਲ ਲੇਮਕਿਨ ਵੱਲੋਂ ਮਾਰਡਿਡ, ਸਪੇਨ ਵਿੱਚ ਹੋਈ ਇੱਕ ਕਾਨਫਰੰਸ ਦੌਰਾਨ 1933 ਵਿੱਚ ਵਰਤਿਆ ਗਿਆ ਸੀ। ਲੇਮਕਿਨ ਮੁਤਾ-ਬਕ ਜੈਨੋਸਾਈਡ (genocide) ਗਰੀਕ ਭਾਸ਼ਾ ਦੇ ਸ਼ਬਦ genos ਭਾਵ Family, tribe, race (ਪਰਿਵਾਰ, ਕੁਨਬਾ, ਨਸਲ) ਅਤੇ ਲਾਤੀਨੀ ਭਾਸ਼ਾ ਦੇ ਸ਼ਬਦ cide (ਕਤਲ) ਦੇ ਮੇਲ ਤੋਂ ਬਣਿਆ ਹੈ। ਲੇਮਕਿਨ ਮੁਤਾਬਕ, ਜੈਨੋਸਾਈਡ ਤੋਂ ਭਾਵ ਮਹਿਜ਼ "ਕਿਸੇ ਕੌਮ ਦਾ ਵੱਡੇ ਪੱਧਰ ਉੱਤੇ ਕਤਲ ਕਰਕੇ ਤੁਰੰਤ ਖਾਤਮਾ ਕਰ ਦੇਣਾ ਨਹੀਂ ਹੁੰਦਾ। ਇਹ ਤਾਂ ਸਗੋਂ ਵਿਉਂਤਵੱਧ ਢੰਗ ਨਾਲ ਵੱਖੋ ਵੱਖਰੀਆਂ ਕਾਰਵਾਈਆਂ ਰਾਹੀਂ ਇੱਕ ਕੌਮ ਦੇ ਜੀਵਨ ਦੀਆਂ ਮੁੱਢਲੀਆਂ ਜੜਾਂ ਨੂੰ ਤਬਾਹ ਕਰਨਾ ਅਤੇ ਅਜਿਹੀ ਤਬਾਹੀ ਦੁਆਰਾ ਸਮੁੱਚੀ ਕੌਮ ਦਾ ਨਾਸ ਕਰਨਾ ਹੁੰਦਾ ਹੈ"

ਕੀ ਮੂਲਵਾਸੀ ਔਰਤਾਂ ਉੱਤੇ ਹੋਏ ਅੱਤਿਆਚਾਰ ਨੂੰ ਜੈਨੋਸਾਈਡ ਦੀ ਸੰਗਿਆ ਮਾਰੀਆਂ ਗਈਆਂ ਜਾਂ ਲਾਪਤਾ ਹੋਈਆਂ ਔਰਤਾਂ ਦੀ ਗਿਣਤੀ ਦੇ ਆਧਾਰ ਉੱਤੇ ਦਿੱਤੀ ਗਈ ਹੈ? ਜੇ ਅਜਿਹਾ ਹੁੰਦਾ ਤਾਂ ਸ਼ਾਇਦ ਇਹ ਪ੍ਰਭਾਸ਼ਾ ਜੈਨੋਸਾਈਡ ਦੇ ਦਾਇਰੇ ਵਿੱਚ ਫਿੱਟ ਨਾ ਆਉਂਦੀ। ਨੇਟਿਵ ਵੂਮੈਨ ਐਸੋਸੀਏਸ਼ਨ ਆਫ ਕੈਨੇਡਾ (Native Women Association of Canada) ਨੇ 2010 ਵਿੱਚ ਇੱਕ ਅੰਕੜਾ ਸੂਚੀ ਤਿਆਰ ਕਰਕੇ ਰਿਪੋਰਟ ਨਸ਼ਰ ਕੀਤੀ ਸੀ। ਇਸ ਰਿਪੋਰਟ ਮੁਤਾ-ਬਕ 582 ਔਰਤਾਂ ਦਾ ਕੋਈ ਖੁਰਾਖੋਜ ਨਾ ਮਿਲਣ ਦੀ ਗੱਲ ਦੱਸੀ ਗਈ ਸੀ। 2014 ਵਿੱਚ ਆਰ ਸੀ ਐਮ ਪੀ (RCMP) ਨੇ ਮੰਨ ਲਿਆ ਕਿ 1980 ਤੋਂ 2012 ਦੇ ਦਰਮਿਆਨ ਕਤਲ ਜਾਂ ਲਾਪਤਾ ਹੋਈਆਂ ਔਰਤਾਂ ਦੀ ਗਿਣਤੀ 1200 ਦੇ ਕਰੀਬ ਹੈ। ਅਣਅਧਿਕਾਰਤ ਸੂਤਰ ਇਸ ਗਿਣਤੀ ਨੂੰ ਕਿਤੇ ਵੱਧ ਦੱਸਦੇ ਹਨ। ਹਕੀਕਤ ਵਿੱਚ ਇਸ ਕਾਂਡ ਨੂੰ ਜੈਨੋਸਾਈਡ ਇਸ ਲਈ ਕਿਹਾ ਗਿਆ ਕਿ ਇਹ ਸਾਡਾ ਕਾਂਡ ਮੂਲਵਾਸੀ ਔਰਤਾਂ ਦੀ 'ਕੁੱਖ' ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਨ ਵਾਲਾ ਸੀ। ਜੈਨੋਸਾਈਡ ਤਾਂ ਕਿਹਾ ਗਿਆ ਹੈ ਕਿਉਂਕਿ ਮੂਲਵਾਸੀਆਂ ਦੀ ਨਸਲ, ਪਹਿਚਾਣ ਨੂੰ ਅੱਗੇ ਤੋਰਨ ਵਾਲੇ ਸ੍ਰੋਤ ਨੂੰ ਖਤਮ ਕਰਨ ਦਾ ਵਰਤਾਰਾ ਸਦੀਆਂ ਤੋਂ ਨਿਰੰਤਰ ਚੱਲਦਾ ਆ ਰਿਹਾ ਹੈ।

ਰਿਪੋਰਟ ਤਿਆਰ ਕਰਨ ਵਾਲੇ ਕਮਿਸ਼ਨਰਾਂ ਨੂੰ ਇਸ ਗੱਲ ਦਾ ਅਹਿਸ-ਾਸ ਸੀ ਕਿ ਦਿੱਤੀ ਗਈ ਜੈਨੋਸਾਈਡ ਦੀ ਪ੍ਰੀਭਾਸ਼ਾ ਨੂੰ ਯਹੂਦੀ ਘੱਲੂਘਾਰੇ (Jews holocaust) ਜਾਂ ਰਵਾਂਡਾ ਆਦਿ ਦੇਸ਼ਾਂ ਵਿੱਚ ਹੋਏ ਕਤਲਾਮ ਨਾਲ ਮੁਕਾਬਲਾ ਕਰਕੇ ਵੇਖਿਆ ਜਾਵੇਗਾ। ਇਸ ਕਿਸਮ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ 43 ਪੰਨਿਆਂ ਦੀ ਇੱਕ ਵੱਖਰੀ ਰਿਪੋਰਟ ਲਿਖੀ ਗਈ ਹੈ ਜਿਸ ਵਿੱਚ ਇਹ ਤੱਥ ਦਰਜ਼ ਕੀਤੇ ਗਏ ਹਨ ਕਿ ਕੈਨੇਡਾ ਨੂੰ ਇਸ ਸਮੁੱਚੇ ਵਰਤਾਰੇ ਨੂੰ ਜੈਨੋਸਾਈਡ ਕਿਉਂ ਮੰਨਣਾ ਚਾਹੀਦਾ ਹੈ।

ਇਸ ਰਿਪੋਰਟ ਦੇ ਆਉਣ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਇਹ ਪਰਖ ਦੀਆਂ ਘੜੀਆਂ ਆਰੰਭ ਹੋ ਗਈਆਂ ਹਨ, ਕਿਉਂਕਿ ਚੋਣਾਂ ਵਿੱਚ ਮਹਿਜ਼ ਪੰਜ ਕੁ ਮਹੀਨਿਆਂ ਦਾ ਸਮਾਂ ਬਾਕੀ ਹੈ। ਰਿਪੋਰਟ ਵਿੱਚ 231 ਸਿਫਰਾਸ਼ਾਂ ਹਨ ਜਿਹਨਾਂ ਨੂੰ ਪੂਰਾ ਕਰਨ ਦੀ ਗੁਹਾਰ ਪਾਈ ਗਈ ਹੈ। ਕੀ ਟਰੂਡੋ ਇੱਕ ਵਾਰ ਫੇਰ ਵਾਅਦਾ ਕਰਨਗੇ ਕਿ ਸਾਰੀਆਂ ਦੀਆਂ ਸਾਰੀਆਂ 231 ਸਿਫਾਰਸ਼ਾਂ ਮੰਨ ਲਈਆਂ ਜਾਣਗੀਆਂ? ਚੇਤੇ ਰੱਖਣਾ ਹੋਵੇਗਾ ਕਿ ਸਟੀਫਨ ਹਾਰਪਰ ਦੇ ਸਮੇਂ ਕਾਇਮ ਕੀਤੇ ਗਏ ਰੈਜ਼ੀਡੈਂਸ਼ੀਅਲ ਸਕੂਲਾਂ ਬਾਰੇ ਟਰੁੱਥ ਐਂਡ ਰੀਕਾਨਸੀਲੀਏਸ਼ਨ ਕਮਿਸ਼ਨ (truth and reconciliation commission) ਨੇ ਮੂਲਵਾਸੀਆਂ ਦੇ ਸਮਰੱਥਨ ਵਿੱਚ 100 ਸਿਫਾਰਸ਼ਾਂ ਕੀਤੀਆਂ ਸਨ। ਜਸਟਿਨ ਟਰੂਡੋ ਹੋਰਾਂ ਨੇ 2015 ਵਿੱਚ ਸੱਤਾ ਸੰਭਾਲਣ ਤੋਂ ਥੋੜੇ ਦਿਨ ਬਾਅਦ ਅੱਖਾਂ ਵਿੱਚ ਅੱਥਰੂ ਭਰ ਕੇ 100 ਦੀਆਂ 100 ਸਿਫਾਰਸ਼ਾਂ ਨੂੰ ਹੂ-ਬ-ਹੂ ਲਾਗੂ ਕਰਨ ਦਾ ਪ੍ਰਣ ਲਿਆ ਸੀ। ਅੱਜ ਗੱਲ ਕਿੱਥੇ ਖੜੀ ਹੈ ਇਹ ਸੱਭਨਾਂ ਦੇ ਸਾਹਮਣੇ ਹੈ! ਕੀ ਮੂਲਵਾਸੀ ਔਰਤਾਂ ਬਾਰੇ ਪੇਸ਼ ਹੋਈ ਰਿਪੋਰਟ ਦਾ ਹਸ਼ਰ ਵੀ ਉਹੋ ਹੋਵੇਗਾ ਜੋ truth and reconciliation commission ਦੀ ਰਿਪੋਰਟ ਦਾ ਹੋਇਆ ਹੈ?

## ਜੈਨੋਸਾਈਡ ਹੁੰਦੇ ਨੇ ਪਰ ਸਰਕਾਰਾਂ ਕਦੋਂ ਮੰਨਦੀਆਂ ਹਨ

ਮੂਲਵਾਸੀ ਔਰਤਾਂ ਦੇ ਕਤਲਾਂ ਅਤੇ ਲਾਪਤਾ ਹੋਣ ਦੇ ਮਾਮਲੇ ਨੂੰ ਜੈਨੋਸਾਈਡ ਕਰਾਰ ਦੇਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਪੱਸ਼ਟ ਰੂਪ ਵਿੱਚ ਇਸ ਸ਼ਬਦ ਨੂੰ ਵਰਤਣੋਂ ਗੁਰੇਜ਼ ਕਰਨਾ ਕਈ ਸੁਆਲ ਖੜੇ ਕਰਦਾ ਹੈ। ਟਰੂਡੋ ਦਾ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਖਾਸ ਕਰਕੇ ਔਰਤਾਂ ਦੇ ਅਧਿਕਾਰਾਂ ਲਈ ਜੀਅ ਜਾਨ ਨਾਲ ਕੰਮ ਕਰਨ ਵਾਲੇ ਸੋਹਣੇ ਸੁਨੱਖੇ ਲੀਡਰ ਵਾਲਾ ਹੈ। ਰਿਪੋਰਟ ਆਉਣ ਤੋਂ ਦੋ ਦਿਨ ਬਾਅਦ ਹੀ ਕੈਨੇਡਾ ਨੇ ਵਿਸ਼ਵ ਭਰ ਵਿੱਚ ਔਰਤਾਂ ਦੇ ਅਧਿਕਾਰਾਂ ਲਈ 320 ਮਿਲੀਅਨ ਡਾਲਰ ਦੀ ਸਹਾਇਤਾ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸਦੇ ਉਲਟ ਆਪਣੇ ਘਰ ਵਿੱਚ ਮੂਲਵਾਸੀ ਔਰਤਾਂ ਨੂੰ ਬਾਰੇ ਜੈਨੋਸਾਈਡ ਸ਼ਬਦ ਨੂੰ ਕਬੂਲਣ ਵਿੱਚ ਹਿਚਕਚਾਹਟ ਕੀ ਦੱਸਦੀ ਹੈ? ਇਹ ਹਿਚਕਚਾਹਟ ਦੱਸਦੀ ਹੈ ਕਿ ਸਰਕਾਰਾਂ ਦੇ ਸੁਭਾਅ ਇੱਕੋ ਜਿਹੇ ਹੁੰਦੇ ਹਨ। ਜਦੋਂ ਟਰੂਡੋ ਹੋਰੀਂ ਸਰਕਾਰ ਤੋਂ ਬਾਹਰ ਸਨ ਤਾਂ ਉਹ ਮੂਲਵਾਸੀਆਂ ਦੇ ਹੱਕਾਂ ਬਾਰੇ ਬਹੁਤ ਵੱਡੀਆਂ ਗੱਲਾਂ ਕਰਦੇ ਰਹੇ ਹਨ ਪਰ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਚੁੱਪ ਵੱਟੀ ਰੱਖਦੇ ਸਨ। ਹੁਣ ਜੁੰਮੇਵਾਰੀ ਚੁੱਕਣ ਦੀ ਟਰੂਡੋ ਦੀ ਵਾਰੀ ਆਈ ਤਾਂ ਕੰਜ਼ਰਵੇਟਿਵ ਅਤੇ ਐਨ ਡੀ ਪੀ ਵਾਲੇ ਸ਼ੋਰ ਪਾ ਰਹੇ ਹਨ ਪਰ ਉਹ ਆਪ ਚੁੱਪ ਹੈ। ਜੇ ਕੰਜ਼ਰਵੇਟਿਵ ਜਾਂ ਐਨ ਡੀ ਪੀ ਸੱਤਾ ਵਿੱਚ ਹੁੰਦੇ ਤਾਂ ਪ੍ਰਤੀਕਰਮ ਉਹਨਾਂ ਦਾ ਵੀ ਉਹੋ ਹੋਣਾ ਸੀ ਜੋ ਅੱਜ ਟਰੂਡੋ ਦਾ ਹੈ।

ਟਰੂਡੋ ਦਾ ਪ੍ਰਤੀਕਰਮ ਸੰਸਾਰ ਵਿੱਚ ਹੋਰ ਥਾਵਾਂ ਉੱਤੇ ਹੋਏ ਕਤਲਾਮਾਂ ਨੂੰ ਜੈਨੋਸਾਈਡ ਨਾ ਕਬੂਲਣ ਦੀ ਸਰਕਾਰਾਂ ਦੀ ਮਨੋ-ਬਿਰਤੀ ਉੱਤੇ ਵੀ ਚਾਨਣਾ ਪਾਉਂਦਾ ਹੈ ਕਿ ਸਰਕਾਰਾਂ ਇੰਝ ਹੀ ਕਰਦੀਆਂ ਹੁੰਦੀਆਂ ਹਨ। ਇਸ ਵਿੱਚ ਦਿੱਲੀ ਵਰਗੇ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ, ਕਸ਼ਮੀਰ ਵਿੱਚ ਹਿੰਦੂਆਂ, ਅਫਗਾਨਸਤਾਨ ਵਿੱਚ ਹਿੰਦੂ ਸਿੱਖਾਂ ਦੋਵਾਂ, ਸੀਰੀਆ, ਇਰਾਕ ਵਿੱਚ ਯਜੀਦੀਆਂ ਅਤੇ ਈਸਾਈਆਂ ਦੇ ਕਤਲੇਆਮ ਵੀ ਸ਼ਾਮਲ ਹਨ।

ਨੋਟ: ਇਹ ਆਰਟੀਕਲ ਲਿਖਣ ਵੇਲੇ ਤੱਕ ਖਬਰਾਂ ਆਈਆਂ ਹਨ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜੈਨੋਸਾਈਡ ਸ਼ਬਦ ਵਰਤਣਾ ਕਬੂਲ ਕਰ ਲਿਆ ਹੈ।

## ਕੀ ਮੂਲਵਾਸੀਆਂ ਦੇ ਹੱਕਾਂ ਬਾਰੇ 'ਯੂ ਐਨ ਓ' ਐਲਾਨਨਾਮੇ ਨੂੰ ਕਬੂਲਣਗੇ ਐਂਡਰੀਊ ਸ਼ੀਅਰ ਦੇ ਸੀਨੇਟਰ?

ਪੇਸ਼ ਕੀਤੀ ਗਈ ਰਿਪੋਰਟ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਕੈਨੇਡਾ ਦੀ ਸੀਨੇਟ ਵਿੱਚ ਲਟਕ ਰਹੇ ਬਿੱਲ ਸੀ 262 ਨੂੰ ਤੁਰੰਤ ਪਾਸ ਕੀਤਾ ਜਾਵੇ। ਐਨ ਡੀ ਪੀ ਦੇ ਮੈਂਬਰ ਪਾਰਲੀਮੈਂਟ ਰੋਮੀਓ ਸਾਗਾਨੈਸ਼ ਵੱਲੋਂ ਪੇਸ਼ ਇਹ ਬਿੱਲ ਮੂਲਵਾਸੀਆਂ ਦੇ ਹੱਕਾਂ ਬਾਰੇ ਯੂਨਾਈਟਡ ਨੇਸ਼ਨ ਦੇ ਐਲਾਨਨਾਮੇ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰੇਗਾ।

ਯੂਨਾਈਟਡ ਨੇਸ਼ਨਜ਼ ਦਾ ਐਲਾਨਨਾਮਾ 'ਇੱਕ ਘੱਟੋ ਘੱਟ ਸਟੈਂਡਰਡ' ਨਿਰਧਾਰਤ ਕਰਦਾ ਹੈ ਜੋ ਵਿਸ਼ਵ ਭਰ ਵਿੱਚ ਮੂਲਵਾਸੀਆਂ ਦੀ ਰਖਵਾਲੀ, ਸਨਮਾਨ ਅਤੇ ਸਲਾਮਤੀ ਨੂੰ ਯਕੀਨੀ ਬਣਾਉਣ ਲਈ ਲੋੜੀਂਦਾ ਹੁੰਦਾ ਹੈ। ਬਿੱਲ 262 ਇਹ ਰਾਹ ਪੱਧਰਾ ਕਰੇਗਾ ਕਿ ਕੈਨੇਡਾ ਦੇ ਕਾਨੂੰਨ ਯੂਨਾਈਟਡ ਨੇਸ਼ਨਜ਼ ਦੇ ਐਲਾਨਨਾਮੇ ਨਾਲ ਮੇਲ ਖਾਂਦੇ ਹੋਣ।

ਇਸ ਬਿੱਲ ਨੂੰ ਲੈ ਕੇ ਕੰਜ਼ਰਵੇਟਿਵ ਸੀਨੇਟਰਾਂ ਵੱਲੋਂ ਮੁੱਢ ਤੋਂ ਹੀ ਨਾਂਹ ਨੁੱਕਰ ਕੀਤੀ ਜਾਂਦੀ ਰਹੀ ਹੈ। ਕੰਜ਼ਰਵੇਟਿਵ ਪਾਰਟੀ ਦੀ ਪੁਜ਼ੀਸ਼ਨ ਹੈ ਕਿ ਮੂਲਵਾਸੀਆਂ ਦੇ ਹੱਕਾਂ ਨੂੰ ਕਾਨੂੰਨ ਦੁਆਰਾ ਮੰਨਣ ਦਾ ਅਰਥ ਹੋਵੇਗਾ ਉਹਨਾਂ ਕੇਸਾਂ ਦੀ ਭਰਮਾਰ ਜਿਸ ਬਦੌਲਤ ਸਰਕਾਰ ਨੂੰ ਮਣਾਂਮੂੰਹੀਂ ਡਾਲਰ ਹਰਜਾਨੇ ਵਜੋਂ ਅਦਾ ਕਰਨੇ ਪੈਣਗੇ। ਸ਼ੁਰੂਆਤੀ ਹਿਚਕਚਾਹਟ ਤੋਂ ਬਾਅਦ ਲਿਬਰਲਾਂ ਨੇ ਇਸ ਬਿੱਲ ਨੂੰ ਸਮਰੱਥਨ ਦੇਣਾ ਮੰਨ ਲਿਆ ਸੀ ਪਰ ਕੰਜ਼ਰਵੇਟਿਵ ਆਪਣੀ ਜਿੱਦ ਉੱਤੇ ਬਰਕਰਾਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਮਰੀਕੀ ਰਾਸ਼ਟਰਪਤੀ ਟਰੰਪ ਵਿਰੁੱਧ ਹਜ਼ਾਰਾਂ ਲੋਕ ਲੰਡਨ ਦੀਆਂ ਸੜਕਾਂ ਉੱਤੇ ਉਤਰੇ

ਲੰਡਨ, 4 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬ੍ਰਿਟੇਨ ਦੇ ਦੂਸਰੇ ਦੌਰੇਦੌਰਾਨ ਵੀ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੇ ਵਿਰੁੱਧ ਅੱਜ ਮੰਗਲਵਾਰ ਨੂੰ ਹਜ਼ਾਰਾਂਲੋਕ ਮੱਧ ਲੰਡਨ ਦੀਆਂ ਸੜਕਾਂ ਉੱਤੇਨਿਕਲ ਤੁਰੇ ਅਤੇ ਟਰੰਪ ਦੇ ਦੌਰੇ ਦਾ ਵਿਰੋਧ ਕਰਨ ਲਈ ਲੰਡਨ ਵਿਚਲੇਪਾਰਲੀਮੈਂਟ ਕਾਂਪਲੈਕਸ ਦੇ ਬਾਹਰ ਇਕ ਵਿਸ਼ਾਲ ਗ਼ੁਬਾਰਾ ਵੀ ਉਡਾਇਆ ਗਿਆ। ਅਮਰੀਕੀ ਰਾਸ਼ਟਰਪਤੀ ਦੀ ਸ਼ਕਲ ਵਾਲਾ ਇਹ ਛੇ ਮੀਟਰ ਲੰਬਾ 'ਟਰੰਪ ਬੇਬੀ' ਗ਼ੁਬਾਰਾ ਓਦੋਂ ਉਡਾਇਆ ਗਿਆ ਸੀ, ਜਦੋਂ ਉਹ ਜੁਲਾਈ 2018 ਵਿੱਚ ਬ੍ਰਿਟੇਨ ਦੇ ਪਹਿਲੇ ਸਰਕਾਰੀ ਦੌਰੇ ਉੱਤੇ ਆਏ ਸਨ। ਓਦੋਂ ਵੀ ਹਜ਼ਾਰਾਂ ਲੋਕਾਂ ਨੇ ਏਦਾਂ ਹੀ ਵਿਰੋਧ ਪ੍ਰਦਰਸ਼ਨ ਕੀਤਾ ਸੀ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਪਤਨੀ ਮੇਲਾਨੀਆ ਨਾਲ ਤਿੰਨ ਦਿਨਾ ਦੌਰੇ ਉੱਤੇਇਸ ਸੋਮਵਾਰ ਲੰਡਨ ਪੁੱਜੇ ਸਨ। ਦੌਰੇ ਦੇ ਪਹਿਲੇ ਦਿਨ ਉਨ੍ਹਾਂ ਬਕਿੰਘਮ ਪੈਲੇਸ ਵਿੱਚ ਮਹਾਰਾਣੀ ਐਲਿਜ਼ਾਬੈੱਥਅਤੇ ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਮੁਲਾਕਾਤ ਕੀਤੀ ਤੇਦੂਸਰੇ ਦਿਨ ਦੇਸ਼ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨਾਲ ਉਨ੍ਹਾਂ ਦੀ ਡਾਊਨਿੰਗ ਸਟ੍ਰੀਟ ਵਿੱਚ ਵਾਰਤਾ ਹੋਈ ਹੈ। ਇਸ ਵਾਰਤਾ ਦੇ ਵਿਰੁੱਧ ਵੱਡੀ ਗਿਣਤੀ ਵਿੱ-ਚਲੋਕ ਡਾਊਨਿੰਗ ਸਟ੍ਰੀਟ ਤੋਂ ਕੁਝ ਦੂਰੀ ਉੱਤੇ ਜਮ੍ਹਾਂ ਹੋਏ।

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST:
Harjinder Singh Gill

ਰਮਜ਼ ਪੰਜਾਬੀ
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Aikam MEDIA GROUP

Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host
Iqbal Mahal
Producer & Host
Serving the South Asian Community Since 1976

# ਕੁੰਵਰ ਵਿਜੇ ਪ੍ਰਤਾਪ ਦੇ ਖ਼ਿਲਾਫ਼ ਅਕਾਲੀ ਦਲ ਫਿਰ ਚੋਣ ਕਮਿਸ਼ਨ ਕੋਲ ਜਾ ਪੁੱਜਾ



ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੇ ਅੱਜ ਮੰਗਲਵਾਰ ਨੂੰ ਭਾਰਤੀ ਚੋਣ ਕਮਿਸ਼ਨ ਨੂੰ ਇੱਕ ਨਵੀਂ ਅਰਜ਼ੀ ਦਿੱਤੀ ਹੈ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਦੇ ਮੈਂਬਰ ਆਈ ਜੀ ਪੁਲਿਸ ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਚੋਣ ਕਮਿਸ਼ਨ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਜਾਂਚ ਟੀਮ ਦੇ ਮੈਂਬਰ ਵਾਲੇ ਕੰਮ ਚੋਣਾਂ ਦੌਰਾਨ ਕਰਦੇ ਰਹਿਣ ਕਾਰਨ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ।

ਇਸ ਸੰਬੰਧ ਵਿੱਚ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿਚ ਅੱਜ ਪਾਰਟੀ ਦਾ ਇਕ ਡੈਲੀਗੇਸ਼ਨ ਚੋਣ ਕਮਿਸ਼ਨ ਨੂੰ ਮਿਲਿਆ ਅਤੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਚੋਣ ਕਮਿਸ਼ਨ ਦੇ ਨਿਰਦੇਸ਼ ਲਾਗੂ ਕੀਤੇ ਜਾਣ ਦੀ ਰਿਪੋਰਟ ਦੇਣ ਪਿੱਛੋਂ ਕੁੰਵਰ ਵਿਜੇ ਪ੍ਰਤਾਪ ਸਿੰਘਐੱਸ ਆਈ ਟੀ ਦੇ ਮੈਂਬਰ ਵਾਲਾ ਉਹੀ ਕੰਮ ਕਰਦਾ ਰਿਹਾ ਸੀ।ਇਸ ਡੈਲੀਗੇਸ਼ਨ ਵਿੱਚ ਸ਼ਾਮਲ ਅਕਾਲੀ ਆਗੂਆਂ ਨਰੇਸ਼ ਗੁਜਰਾਲ, ਡਾ. ਦਲਜੀਤ ਚੀਮਾ ਤੇ ਦਰਬਾਰਾ ਸਿੰਘ ਗੁਰੂ ਨੇ ਕੁੰਵਰ ਵਿਜੇ ਪ੍ਰਤਾਪ ਸਿੰਘਵਲੋਂ 23 ਮਈ ਨੂੰ ਐੱਸ ਆਈ ਟੀ ਦੇ ਮੈਂਬਰ ਵਜੋਂ ਦਸਖ਼ਤ ਕਰਕੇ ਅਦਾਲਤ ਨੂੰ ਪੇਸ਼ਕੀਤੀ ਚਾਰਜਸ਼ੀਟ ਦੀ ਕਾਪੀ ਵੀ ਚੋਣ ਕਮਿਸ਼ਨ ਨੂੰ ਦਿੱਤੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਸ ਨਾਲ ਸਾਬਤ ਹੁੰਦਾ ਹੈ ਕਿ ਚੋਣ ਕਮਿਸ਼ਨ ਵਲੋਂਬੀਤੀ 5 ਮਈ ਨੂੰ ਐੱਸ ਆਈ ਟੀ ਮੈਂਬਰ ਵਜੋਂ ਹਟਾਏ ਜਾਣ ਪਿੱਛੋਂ ਵੀਉਹ ਏਸੇ ਅਹੁਦੇ ਦੇ ਕੰਮ ਕਰਦਾ ਰਿਹਾ ਸੀ। ਓਦੋਂ ਚੋਣ ਕਮਿਸ਼ਨ ਨੇ ਇਹ ਕਾਰਵਾਈ ਅਕਾਲੀ ਪਾਰਲੀਮੈਂਟ ਮੈਂਬਰ ਨਰੇਸ਼ ਗੁਜਰਾਲ ਵੱਲੋਂ ਕੀਤੀ ਸ਼ਿਕਾਇਤ ਉੱਤੇ ਕੀਤੀ ਸੀ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਚੋਣ ਜ਼ਾਬਤੇ ਦੌਰਾਨ ਆਈਜੀ ਰੈਂਕ ਦਾ ਇਹ ਪੁਲਸ ਅਫਸਰ ਸਿਆਸੀ ਬਿਆਨਬਾਜ਼ੀ ਕਰ ਰਿਹਾ ਸੀ।ਚੋਣ ਕਮਿਸ਼ਨ ਦੇ ਆਦੇਸ਼ ਅਨੁਸਾਰ ਆਈਜੀ ਕੁੰਵਰ ਵਿਜੇਪ੍ਰਤਾਪ ਨੂੰ 26 ਮਈ ਨੂੰ ਚੋਣ ਜ਼ਾਬਤਾ ਹਟਣ ਤਕ ਐੱਸ ਆਈ ਟੀ ਦੇ ਮੈਂਬਰਵਾਲਾ ਕੰਮ ਕਰਨ ਤੋਂ ਰੋਕ ਦਿੱਤਾ ਗਿਆ ਸੀ।

ਅੱਜ ਚੋਣ ਕਮਿਸ਼ਨ ਨੂੰ ਮਿਲੇ ਅਕਾਲੀ ਆਗੂਆਂ ਨੇ ਉਨ੍ਹਾਂ ਸਾਰੇ ਲੋਕਾਂ ਉੱਤੇ ਕਾਰਵਾਈ ਦੀ ਮੰਗ ਕੀਤੀ ਹੈ, ਜਿਨ੍ਹਾਂ ਉੱਤੇ ਚੋਣ ਕਮਿਸ਼ਨ ਦੇ ਨਿਰਦੇਸ਼ ਲਾਗੂ ਕਰਨ ਦੀ ਜ਼ਿੰਮੇਵਾਰੀ ਸੀ। ਉਨ੍ਹਾਂ ਕਿਹਾ ਕਿ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਐੱਸ ਆਈ ਟੀ ਦੇ ਮੈਂਬਰ ਦੀ ਜ਼ਿਮੇਵਾਰੀ ਤੋਂ ਹਟਾਉਣ ਦੇ ਚੋਣ ਕਮਿਸ਼ਨ ਦੇ 5 ਮਈ ਦੇ ਹੁਕਮ ਨੂੰ ਲਾਗੂ ਕਰਨ ਲਈ ਰਾਜ ਦੇ ਮੁੱਖ ਸਕੱਤਰ ਨੂੰ ਕਿਹਾ ਗਿਆ ਸੀ।ਇਨ੍ਹਾਂਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਚੋਣ ਕਮਿਸ਼ਨ ਦੇ ਹੁਕਮ ਬਾਰੇ ਇਹ ਕਹਿ ਕੇਮੁੜ ਵਿਚਾਰ ਦੀ ਮੰਗ ਕੀਤੀ ਸੀ ਕਿ ਇਸ ਤੋਂ ਚੱਲ ਰਹੀ ਜਾਂਚ ਵਿਚ ਰੁਕਾਵਟ ਪਵੇਗੀ, ਪਰ ਰਾਜ ਸਰਕਾਰ ਦੀ ਇਹ ਦਲੀਲ ਚੋਣ ਕਮਿਸ਼ਨ ਨੇ ਮੰਨੀਨਹੀਂ ਸੀ। ਅੱਜ ਅਕਾਲੀ ਆਗੂਆਂ ਨੇ ਚੋਣ ਕਮਿਸ਼ਨ ਨੂੰ ਇਹ ਦੱਸਿਆ ਕਿ ਮੁੱਖ ਮੰਤਰੀ ਨੇ ਚੋਣ ਰੈਲੀਆਂ ਵਿੱਚ ਜਨਤਕ ਤੌਰ ਉੱਤੇ ਇਹ ਬਿਆਨ ਦੇ ਕੇ ਕਮਿਸ਼ਨ ਨੂੰ ਗੁਮਰਾਹ ਕੀਤਾ ਸੀ ਕਿ ਚੋਣ ਜ਼ਾਬਤਾ ਹਟਣ ਦੇ ਬਾਅਦ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਐੱਸ ਆਈ ਟੀ ਦੇ ਮੈਂਬਰ ਵਜੋਂਫਿਰ ਲਿਆਂਦਾ ਜਾਵੇਗਾ। ਇਸ ਬਾਰੇ ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਵੀ ਅਕਾਲੀ ਆਗੂਆਂ ਨੇ ਚੋਣ ਕਮਿਸ਼ਨ ਨੂੰ ਦਿੱਤੀਆਂ।

# ਭਾਜਪਾ ਨੇ ਪੰਜਾਬ ਵਿੱਚ ਅਕਾਲੀ ਦਲ ਤੋਂ ਅੱਧੋ-ਅੱਧ ਸੀਟਾਂ ਮੰਗਣ ਲਈ ਤਿਆਰੀ ਕੱਸੀ

ਚੰਡੀਗੜ੍ਹ, 4 ਜੂਨ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਪੱਛਮੀ ਬੰਗਾਲ ਤੋਂ 18 ਸੀਟਾਂ ਜਿੱਤ ਕੇ ਮਮਤਾ ਬੈਨਰਜੀ ਦੇ ਕਿਲ੍ਹੇ ਨੂੰ ਸੰਨ੍ਹ ਲਾਉਣ ਤੋਂ ਬਾਅਦ ਆਪਣਾ ਅਗਲਾ ਰੁਖ਼ ਪੰਜਾਬ ਵੱਲ ਕਰਨ ਦਾ ਇਰਾਦਾ ਕਰੀ ਬੈਠੀ ਹੈ। ਪਾਰਲੀਮੈਂਟ ਚੋਣਾਂ ਵਿਚ ਆਪਣੇ ਹਿੱਸੇ ਦੀਆਂ ਤਿੰਨਾਂ ਵਿਚੋਂ ਦੋ ਸੀਟਾਂ ਜਿੱਤਣ ਤੇ ਸਾਰੇ ਸ਼ਹਿਰਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਉੱਤੇ ਪਈਆਂ ਵੋਟ ਦੇ ਅੰਕੜਿਆਂ ਤੋਂ ਉਤਸ਼ਾਹਿਤ ਹੋਈ ਭਾਜਪਾ ਨੇ ਆਪਣੇ ਗਠਜੋੜ ਭਾਈਵਾਲ ਅਕਾਲੀ ਦਲ ਤੋਂ 50 ਫ਼ੀਸਦੀ ਹਿੱਸਾ ਮੰਗਣ ਦੇ ਲਈ ਪੂਰੀ ਤਿਆਰੀ ਕਰ ਲਈ ਹੈ।

ਅੱਜ ਭਾਜਪਾ ਦੀਆਂ ਵੱਖ-ਵੱਖ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚ ਭਾਜਪਾ ਜ਼ਿਲ੍ਹਾ ਪ੍ਰਧਾਨਾਂ ਅਤੇ ਕੋਰ ਕਮੇਟੀ ਮੀਟਿੰਗਾਂ ਸ਼ਾਮਲ ਸਨ, ਵਿਚ ਇਹ ਗੱਲ ਪ੍ਰਮੁੱਖਤਾ ਨਾਲ ਉਭਾਰੀ ਗਈ ਕਿ ਵਕਤ ਆ ਗਿਆ ਹੈ ਕਿ ਭਾਜਪਾ ਨੂੰ ਇਸ ਰਾਜ ਵਿਚਵੀ ਆਪਣੇ ਪੈਰ ਖੁੱਲ੍ਹ ਕੇ ਪਸਾਰਨੇ ਚਾਹੀਦੇ ਹਨ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਕਮਲ ਸ਼ਰਮਾ ਪਹਿਲਾਂ ਇਹ ਗੱਲ ਜਨਤਕ ਤੌਰ ਉੱਤੇ ਕਹਿ ਚੁੱਕੇ ਹਨ ਕਿ ਦੋਵਾਂ ਧਿਰਾਂ ਨੂੰ ਅੱਧੋ-ਅੱਧ ਸੀਟਾਂ ਲੜਨੀਆਂ ਚਾਹੀਦੀਆਂ ਹਨ। ਵਰਨਣ ਯੋਗ ਹੈ ਕਿ ਹਾਲੇ ਤੱਕ ਭਾਜਪਾਪੰਜਾਬ ਵਿਧਾਨ ਸਭਾ ਦੀਆਂ 117 ਵਿਚੋਂ 23 ਸੀਟਾਂਅਤੇ ਲੋਕ ਸਭਾ ਦੀਆਂ 13 ਵਿਚੋਂ ਸਿਰਫ 3 ਸੀਟਾਂ ਉੱਤੇ ਚੋਣ ਲੜਦੀ ਰਹੀ ਹੈ। ਬੀਤੇ ਮਹੀਨੇ ਦੀਆਂ ਪਾਰਲੀਮੈਂਟ ਚੋਣਾਂ ਵਿਚ ਭਾਜਪਾ ਨੇ ਤਿੰਨਾਂਵਿਚੋਂ ਦੋ ਸੀਟਾਂ ਜਿੱਤ ਕੇ ਆਪਣੀ ਵੋਟ ਫੀਸਦੀਦਾ ਵਾਧਾ ਕੀਤਾ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਵਿੱਚਬਹੁਤੇ ਆਗੂ ਇਸ ਗੱਲ ਉੱਤੇਸਹਿਮਤ ਸਨ ਕਿ ਜੇ ਭਾਜਪਾ ਆਪਣੇ ਕੋਟੇ ਨੂੰ ਨਹੀਂ ਵਧਾਉਂਦੀ ਤਾਂ ਪਾਰਟੀ ਕਾਡਰ ਨਿਰਾਸ਼ ਹੋਵੇਗਾ।

ਕੋਰ ਕਮੇਟੀ ਮੀਟਿੰਗ ਤੋਂ ਪਹਿਲਾਂ ਪਾਰਲੀਮੈਂਟਰੀ ਚੋਣਾਂ ਦੀ ਸਮੀਖਿਆ ਵੇਲੇ ਸੰਗਠਨ ਮੰਤਰੀ ਦਿਨੇਸ਼ ਕੁਮਾਰ ਨੇ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਵਿੱਚ ਪਾਰਟੀ ਵੱਲੋਂ'ਪੰਨਾ ਇੰਚਾਰਜ' (ਵੋਟਰ ਲਿਸਟ ਦੇ ਹਰ ਸਫੇ ਦਾ ਇੰਚਾਰਜ) ਨਾ ਲਾਏ ਜਾਣ ਦਾ ਮੁੱਦਾ ਉਠਾਇਆ ਤੇ ਕਿਹਾ ਕਿ ਸਾਰੇ ਰਾਜਾਂ ਨੇ ਪੰਨਾ ਇੰਚਾਰਜ ਲਾਏ ਸਨ, ਜੇ ਅਸੀਂਵੀ ਲਾਏ ਹੁੰਦੇ ਤਾਂ ਸ਼ਾਇਦ ਅੰਮ੍ਰਿਤਸਰ ਸੀਟ ਵੀ ਜਿੱਤ ਜਾਂਦੇ। ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਵੱਲੋਂ ਵੀ ਕਈ ਗੱਲਾਂ ਕਹੀਆਂ, ਜਿਸ ਤੋਂ ਸਾਬਕਾ ਮੰਤਰੀ ਮਦਨ ਮੋਹਨ ਮਿੱਤਲ ਭੜਕ ਪਏ ਅਤੇ ਉਨ੍ਹਾਂ ਕਿਹਾ ਕਿ ਬੂਥ ਪੱਧਰ ਤੋਂ ਪੰਨਾ ਪੱਧਰ ਦੇ ਇੰਚਾਰਜ ਲਾਉਣ ਦਾ ਕੰਮ ਪਾਰਟੀ ਦਾ ਹੈ, ਜਿਸ ਵਿਚ ਸੰਗਠਨ ਮੰਤਰੀ ਦੀ ਮੁੱਖ ਭੂਮਿਕਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦਾ ਕਿ ਜੋ ਕੰਮ ਉਨ੍ਹਾਂ ਨੇ ਕਰਨਾ ਸੀ, ਉਸ ਦੀ ਨਾਕਾਮੀ ਦੂਜਿਆਂ ਦੇ ਸਿਰ ਬੰਨ੍ਹੀ ਜਾਂਦੇ ਹਨ? ਖਾਸ ਗੱਲ ਇਹ ਕਿ ਮਦਨ ਮੋਹਨ ਮਿੱਤਲ ਇਸ ਵੇਲੇ ਪੰਜਾਬ ਪਾਰਟੀ ਦੇ ਸਭ ਤੋਂ ਸੀਨੀਅਰ ਆਗੂ ਹਨ ਤੇ ਉਹ ਆਪਣੀ ਗੱਲ ਕਹਿਣ ਤੋਂ ਕਦੀ ਨਹੀਂ ਰੁਕਦੇ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਅਨੰਦਪੁਰ ਸਾਹਿਬ ਸੀਟ ਉੱਤੇ ਜਾਣ ਤੋਂਰੋਕਿਆ ਗਿਆ, ਜਦ ਕਿ ਉਹ ਉਨ੍ਹਾਂ ਦੀ ਆਪਣੀ ਸੀਟ ਹੈ ਤੇ ਉਨ੍ਹਾਂ ਨੇ ਆਪਣੇ ਆਧਾਰ ਨਾਲ ਇੱਥੇ ਗਠਜੋੜ ਉਮੀਦਵਾਰ ਨੂੰ ਲੀਡ ਦੁਆਈ ਹੈ। ਮਿੱਤਲ ਦੇ ਰੁਖ਼ ਨੂੰ ਦੇਖ ਕੇ ਪਾਰਟੀ ਨੇ ਮੁੱਖ ਏਜੰਡੇ ਉੱਤੇਫਿਰ ਹੋਰ ਬਹਿਸ ਨਹੀਂ ਕੀਤੀ। ਇਸਤੋਂ ਬਾਅਦ ਇੱਕ-ਦੋ ਨੇਤਾ ਹੀ ਬੋਲੇ ਅਤੇ ਪਾਰਟੀ ਪ੍ਰਧਾਨ ਸ਼ਵੇਤ ਮਲਿਕ ਦੇ ਭਾਸ਼ਣ ਤੋਂ ਬਾਅਦ ਮੀਟਿੰਗ ਖ਼ਤਮ ਕਰ ਦਿੱਤੀ ਗਈ।

# ਕੈਪਟਨ ਅਮਰਿੰਦਰ ਸਿੰਘ ਨੇ ਕਿਹਾ: ਬਾਦਲਾਂ ਦੇ ਖ਼ੂਨ ਦੇ ਪਿਆਸੇ ਹਨ ਕਾਂਗਰਸ ਦੇ ਵਿਧਾਇਕ

ਚੰਡੀਗੜ੍ਹ, 4 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਕੈਬਨਿਟਮੰਤਰੀ ਹਰਸਿਮ-ਰਤ ਕੌਰ ਬਾਦਲ ਦੇ ਟਵੀਟ ਉੱਤੇ ਪਹਿਲੀ ਵਾਰ ਸਖ਼ਤ ਭਾਸ਼ਾ ਵਿੱਚ ਕਿਹਾ ਕਿ ਕਾਂਗਰਸੀ ਵਿਧਾਇਕ ਬਾਦਲਾਂ ਦੇ ਖ਼ੂਨ ਦੇ ਪਿਆਸੇ ਹਨ, ਜਿਹੜੇ ਬੇਅਦਬੀ ਤੇ ਨਸ਼ਿਆਂ ਦੇ ਬਹੁਤ ਸਾਰੇ ਕੇਸਾਂ ਦੀ ਢੁਕਵੀਂ ਜਾਂਚ ਕੀਤੇ ਬਿਨਾਂ ਉਨ੍ਹਾਂ ਨੂੰ ਸਜ਼ਾ ਦੇਣਾ ਚਾਹੁੰਦੇ ਹਨ। ਉਨ੍ਹਾਂ ਨੇ ਹਰਸਿਮਰਤ ਕੌਰਬਾਰੇ ਚੁਟਕੀ ਲੈਂਦਿਆਂ ਕਿਹਾ, 'ਇਸ ਲਈ ਮੈਨੂੰ ਇਨ੍ਹਾਂ ਵਿਧਾਇਕਾਂ ਦੀ ਗੱਲ ਸੁਣਨੀ ਚਾਹੀਦੀ ਹੈ ਤੇ ਤੁਹਾਨੂੰ ਸਾਰਿਆਂ ਨੂੰ ਸੀਖਾਂ ਪਿੱਛੇ ਸੁੱਟ ਦੇਣਾ ਚਾਹੀਦਾ ਹੈ।'

ਅਸਲ ਵਿੱਚ ਹਰਸਿਮਰਤ ਕੌਰ ਬਾਦਲ ਨੇ ਟਵੀਟ ਵਿੱਚ ਕਾਂਗਰਸੀ ਵਿਧਾਇਕਾਂ, ਪੁਲਿਸ ਤੇ ਸਿਆਸੀ ਲੀਡਰਾਂ ਦੀ ਗੰਢਤੁੱਪ ਦੇ ਦੋਸ਼ ਲਾਏ ਸਨ, ਜਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਖ਼ਤ ਭਾਸ਼ਾ ਵਰਤੀ ਹੈ। ਅੱਜ ਜਾਰੀ ਕੀਤੇ ਬਿਆਨ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਆਮ ਲੋਕਾਂ ਵਾਂਗ ਕਾਂਗਰਸੀ ਵਿਧਾਇਕਾਂ ਨੇ ਬਾਦਲ-ਰਾਜ ਦਾ ਸੇਕ ਝੱਲਿਆ ਹੋਇਆ ਹੈ ਤੇ ਉਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੀ ਤਬਾਹੀ ਦਾ ਵੀ ਗੁੱਸਾ ਹੈ। ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਕਿਸੇ ਦੋਸ਼ੀ ਨੂੰ ਸਜ਼ਾ ਤੋਂ ਬਚ ਕੇ ਜਾਣ ਨਹੀਂ ਦੇਣਗੇ, ਭਾਵੇਂ ਉਹ ਪਿਛਲੀ ਸਰਕਾਰਵੇਲੇ ਕਿਸੇ ਵੀ ਅਹੁਦੇ ਉੱਤੇਸੀ। ਉਨ੍ਹਾਂ ਕਿਹਾ ਕਿ ਮਨਘੜਤ ਬੇਬੁਨਿਆਦ ਦੋਸ਼ਾਂ ਨਾਲ ਹਰਸਿਮਰਤਕੌਰ ਜਾਂ ਬਾਕੀ ਬਾਦਲ ਪਰਵਾਰ ਲੋਕਾਂ ਦੇ ਗੁੱਸੇ ਜਾਂ ਆਪਣੇ ਨੱਕ ਹੇਠ ਹੋਏ ਜੁਰਮਾਂ ਵਾਸਤੇ ਕਾਨੂੰਨੀ ਸ਼ਿਕੰਜੇ ਤੋਂ ਬਚ ਨਹੀਂ ਸਕੇਗਾ।

ਪੰਜਾਬ ਵਿਚ ਨਸ਼ੀਲੇ ਪਦਾਰਥਾਂ ਨੂੰ ਨੱਥ ਪਾਉਣ ਤੋਂ ਅਸਫਲ ਰਹਿਣ ਬਾਰੇ ਹਰਸਿਮਰਤ ਕੌਰ ਬਾਦਲ ਵੱਲੋਂ ਰਾਜ ਸਰਕਾਰ ਉੱਤੇ ਲਾਏ ਦੋਸ਼ਾਂ ਉੱਤੇ ਤਿੱਖਾ ਪ੍ਰਤੀਕਰਮਦੇਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰਸਿਮਰਤਕੌਰ ਬਾਦਲ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਗੁਨਾਹਾਂ ਉੱਤੇ ਪਰਦਾ ਪਾਉਣ ਲਈ ਏਦਾਂ ਕੁਫਰ ਤੋਲਦੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਨਹੀਂ, ਜਦੋਂਅਸੀਂ ਨਸ਼ਿਆਂ ਦੀ ਸਮੱਸਿਆ ਨਾਲ ਨਿਪਟਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨੈਸ਼ਨਲ ਡਰੱਗ ਪਾਲਸੀ ਬਣਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ, 'ਕੀ ਹਰਸਿਮਰਤ ਕੌਰਨੂੰ ਇੰਨੀ ਸਮਝ ਨਹੀਂ ਕਿ ਨਸ਼ਾ ਅੰਤਰ-ਰਾਜੀ ਸਮੱਸਿਆ ਹੈ ਤੇ ਇਸ ਦਾ ਕੌਮੀ ਪ੍ਰਭਾਵ ਹੈ। ਕੁਝ ਰਾਜਾਂ ਵਿੱਚ ਪੋਸਤ ਦੀ ਪੈਦਾਵਾਰ ਕਾਨੂੰਨੀ ਪੱਖੋਂ ਜਾਇਜ਼ ਹੈ ਤੇ ਪਾਕਿਸਤਾਨ ਵੱਲੋਂ ਵੀ ਸਰਹੱਦ ਪਾਰ ਤੋਂ ਨਸ਼ੇ ਸਪਲਾਈ ਹੁੰਦੇ ਹਨ। ਇਸ ਨਾਲ ਨਿਪਟਣ ਲਈ ਕੇਂਦਰ ਸਰਕਾਰ ਦੀ ਅਗਵਾਈ ਹੇਠ ਸਾਰੇ ਰਾਜਾਂ ਦੇ ਸਾਂਝੇ ਯਤਨ ਦੀ ਲੋੜ ਹੈ। ਹਰਸਿਮਰਤ ਕੌਰ ਬਾਦਲ ਨੂੰ ਜਾਂ ਆਪਣੇ ਸ਼ਬਦਾਂ ਦੇ ਅਰਥਾਂ ਦਾ ਮਤਲਬ ਪਤਾ ਨਹੀਂ ਜਾਂ ਐੱਸ ਆਈ ਟੀਨੂੰ ਸਮਝੇ ਬਿਨਾਂ ਮੂੰਹ ਆਇਆਕੁਝ ਵੀ ਕਹਿ ਦੇਣ ਦੀ ਆਦਤ ਹੈ।'





## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਭ੍ਰਿਸ਼ਟਾਚਾਰ ਦੇ ਖਾਤਮੇ ਬਿਨਾਂ ਕੇਂਦਰ ਦੀਆਂ ਯੋਜਨਾਵਾਂ ਕਾਗਜ਼ੀ ਹੀ ਰਹਿਣਗੀਆਂ

-ਯੋਗੇਂਦਰ ਯੋਗੀ

ਨਵੀਂ ਬਣੀ ਭਾਜਪਾ ਗਠਜੋੜ ਸਰਕਾਰ ਨੇ ਦੇਸ਼ ਦੇ ਸਮੁੱਚੇ ਵਿਕਾਸ ਦੀ ਦਿਸ਼ਾ ਵਿੱਚ ਕਦਮ ਵਧਾਉਂਦੇ ਹੋਏ ਪਹਿਲੀ ਕੈਬਨਿਟ ਬੈਠਕ ਤੋਂ ਬਾਅਦ ਐਲਾਨਾਂ ਦਾ ਪਟਾਰਾ ਖੋਲ੍ਹ ਦਿੱਤਾ। ਇਸ ਨਾਲ ਕਿਸਾਨਾਂ ਤੇ ਕਾਰੋਬਾਰੀਆਂ ਨੂੰ ਸਾਧਣ ਦਾ ਯਤਨ ਕੀਤਾ ਗਿਆ ਹੈ। ਇਹ ਦੋਵੇਂ ਤਬਕੇ ਵੱਡਾ ਵੋਟ ਬੈਂਕ ਹਨ। ਇਨ੍ਹਾਂ ਦੇ ਜ਼ਰੀਏ ਭਾਜਪਾ ਦੀਆਂ ਨਜ਼ਰਾਂ ਕਈ ਸੂਬਿਆਂ ਵਿੱਚ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਸਾਧਣ ਵੱਲ ਹਨ। ਮੁੱਖ ਸਵਾਲ ਇਹ ਹੈ ਕਿ ਕੇਂਦਰ ਸਰਕਾਰ ਦੇ ਐਲਾਨਾਂ ਨੂੰ ਅਮਲੀ ਜਾਮਾ ਕਿਵੇਂ ਪਹਿਨਾਇਆ ਜਾਵੇਗਾ। ਕੈਬਨਿਟ ਮੀਟਿੰਗ ਵਿੱਚ ਇਹ ਐਲਾਨ ਕੀਤੇ ਗਏ ਹਨ, ਇਸ ਤੋਂ ਪਹਿਲਾਂ ਕੇਂਦਰ ਸਰਕਾਰ ਦੇ ਬਜਟਾਂ ਵਿੱਚ ਵੀ ਅਜਿਹੇ ਐਲਾਨ ਹੁੰਦੇ ਰਹੇ ਹਨ। ਆਜ਼ਾਦੀ ਪਿੱਛੋਂ ਹਰ ਸਾਲ ਪਾਰਲੀਮੈਂਟ ਵਿੱਚ ਬਜਟ ਲਿਆਂਦਾ ਜਾਂਦਾ ਰਿਹਾ ਹੈ। ਉਸ ਵਿੱਚ ਅਜਿਹੇ ਲੋਕ ਲੁਭਾਊ ਐਲਾਨਾਂ ਦਾ ਅੰਬਾਰ ਲੱਗਾ ਹੁੰਦਾ ਹੈ, ਇਸ ਦੇ ਬਾਵਜੂਦ ਦੇਸ਼ ਅੱਜ ਤੱਕ ਵਿਕਾਸ ਦੇ ਵੱਖ-ਵੱਖ ਪੈਮਾਨਿਆਂ 'ਤੇ ਪੱਛੜਿਆ ਹੋਇਆ ਹੈ।

ਭਾਰਤ ਦੀ ਅੱਧੀ ਤੋਂ ਵੱਧ ਆਬਾਦੀ ਗਰੀਬੀ ਦੀ ਜੀਵਨ ਰੇਖਾ ਤੋਂ ਹੇਠਾਂ ਜੀਵਨ ਗੁਜਾਰਨ ਲਈ ਮਜਬੂਰ ਹੈ। ਵੱਡੀ ਆਬਾਦੀ ਨੂੰ ਦੋ ਵਕਤ ਦਾ ਖਾਣਾ, ਬਿਜਲੀ, ਪਾਣੀ, ਸੜਕ, ਹਸਪਤਾਲ ਤੇ ਆਵਾਜਾਈ ਦੀਆਂ ਬੁਨਿਆਦੀ ਸਹੂਲਤਾਂ ਨਹੀਂ ਮਿਲ ਰਹੀਆਂ, ਜਦ ਕਿ ਬੀਤੇ ਵਿੱਚ ਅਜਿਹੀਆਂ ਸਹੂਲਤਾਂ ਦੇ ਨਾਂਅ 'ਤੇ ਬਜਟਾਂ ਵਿੱਚ ਅਰਬਾਂ-ਖਰਬਾਂ ਦੀਆਂ ਵਿਵਸਥਾਵਾਂ ਹੁੰਦੀਆਂ ਆਈਆਂ ਹਨ। ਜੇ ਐਲਾਨਾਂ ਨਾਲ ਵਿਕਾਸ ਦੀ ਗੰਗਾ ਵਗੀ ਹੁੰਦੀ ਤਾਂ ਦੇਸ਼ ਅੱਜ ਵਿਸ਼ਵ ਦੇ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਖੜ੍ਹਾ ਹੁੰਦਾ, ਪਰ ਅਜਿਹਾ ਨਹੀਂ ਹੋ ਸਕਿਆ ਤਾਂ ਅਜਿਹੇ ਐਲਾਨਾਂ 'ਤੇ ਸਵਾਲ ਉਠਣੇ ਲਾਜ਼ਮੀ ਹਨ।

ਕੇਂਦਰ ਸਰਕਾਰ ਕੋਲ ਐਲਾਨਾਂ 'ਤੇ ਅਮਲ ਕਰਾਉਣ ਦੀ ਕੋਈ ਸਿੱਧੀ ਮਸ਼ੀਨਰੀ ਨਹੀਂ ਹੈ। ਉਸ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਸਾਰਾ ਜ਼ਿੰਮਾ ਸੂਬਿਆਂ 'ਤੇ ਹੁੰਦਾ ਹੈ। ਕੇਂਦਰ ਸਰਕਾਰ ਯੋਜਨਾਵਾਂ ਦੀਆਂ ਕੀਤੀਆਂ ਗਈਆਂ ਵਿਵਸਥਾਵਾਂ ਦੀ ਰਾਸ਼ੀ ਰਾਜਾਂ ਨੂੰ ਦਿੰਦੀ ਹੈ। ਰਾਜਾਂ ਦੇ ਰਾਹੀਂ ਯੋਜਨਾਵਾਂ ਧਰਾਤਲ ਤੱਕ ਪੁੱਜਦੀਆਂ ਹਨ। ਰਾਜਾਂ ਦੇ ਪ੍ਰਸ਼ਾਸਨਿਕ ਤੰਤਰ 'ਤੇ ਕੇਂਦਰ ਸਰਕਾਰ ਦਾ ਕੰਟਰੋਲ ਨਹੀਂ ਹੈ। ਰਾਜਾਂ ਵਿੱਚ ਸੂਬਾਈ ਸਰਕਾਰ ਕੇਂਦਰ ਅਤੇ ਸੂਬਿਆਂ ਦੀਆਂ ਯੋਜਨਾਵਾਂ ਨੂੰ ਸਤ੍ਹਾ ਤੱਕ ਪਹੁੰਚਾਉਂਦੀ ਹੈ। ਰਾਜਾਂ ਦਾ ਸਰਕਾਰੀ ਤੰਤਰ ਰਾਜ ਸਰਕਾਰ ਪ੍ਰਤੀ ਜਵਾਬਦੇਹ ਹੁੰਦਾ ਹੈ। ਸੂਬਾ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਹਾਲ ਇਹ ਹੈ ਕਿ ਯੋਜਨਾਵਾਂ ਆਮ ਲੋਕਾਂ ਤੱਕ ਪੁੱਜਦੀਆਂ ਹੀ ਨਹੀਂ। ਕੇਂਦਰ ਸਰਕਾਰ ਵੀ ਸੂਬਿਆਂ ਵਿੱਚ ਦਹਾਕਿਆਂ ਤੋਂ ਜਾਰੀ ਭ੍ਰਿਸ਼ਟਾਚਾਰ 'ਤੇ ਲਗਾਮ ਲਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਹੈ। ਇਹ ਕੇਸ ਸੂਬਾਈ ਸੂਚੀ ਵਿੱਚ ਹੋਣ ਕਾਰਨ ਕੇਂਦਰ ਸਰਕਾਰ ਯੋਜਨਾਵਾਂ ਦੀ ਪ੍ਰਗਤੀ ਬਾਰੇ ਸਿਰਫ ਕਾਗਜ਼ੀ ਪੁੱਛਗਿੱਛ ਕਰ ਸਕਦੀ ਹੈ। ਕੇਂਦਰ ਦੀਆਂ ਯੋਜਨਾਵਾਂ ਦੀ ਧਨ ਰਾਸ਼ੀ ਦੀ ਵਰਤੋਂ 'ਤੇ ਰਾਜਾਂ ਨੇ ਇਸ ਗੱਲ ਦਾ ਸਰਟੀਫਿਕੇਟ ਦੇਣਾ ਹੁੰਦਾ ਹੈ ਕਿ ਉਸ ਦੀ ਵਰਤੋਂ ਹੋਈ ਹੈ, ਪਰ ਕੇਂਦਰ ਸਰਕਾਰ ਕੋਲ ਅਜਿਹਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ ਕਿ ਯੋਜਨਾਵਾਂ ਅਤੇ ਭ੍ਰਿਸ਼ਟਾਚਾਰ 'ਤੇ ਲਗਾਮ ਲਾ ਸਕੇ।

ਸੂਬਾਈ ਮਾਮਲੇ ਹੋਣ ਕਾਰਨ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਦਖਲ ਨਹੀਂ ਦੇ ਸਕਦੀ। ਸੂਬਿਆਂ ਨੂੰ ਇਸ ਗੱਲ ਦੀ ਚਿੰਤਾ ਨਹੀਂ ਹੁੰਦੀ ਕਿ ਸੂਬਾਈ ਜਾਂ ਕੇਂਦਰ ਦੀਆਂ ਯੋਜਨਾਵਾਂ ਦੀ ਰਾਸ਼ੀ ਦਾ ਪੂਰਾ ਫਾਇਦਾ ਨਿਰਧਾਰਤ ਵਰਗ ਤੱਕ ਪਹੁੰਚ ਰਿਹਾ ਹੈ ਜਾਂ ਨਹੀਂ। ਵਿਕਾਸ ਦੀਆਂ ਇੰਨੀਆਂ ਯੋਜਨਾਵਾਂ ਕੇਂਦਰ ਤੇ ਸੂਬੇ ਬਣਾ ਚੁੱਕੇ ਹਨ ਕਿ ਜੇ ਵਿਹਾਰਕ ਤੌਰ 'ਤੇ ਇਨ੍ਹਾਂ 'ਤੇ ਅਮਲ ਹੋ ਗਿਆ ਹੁੰਦਾ ਤਾਂ ਹੁਣ ਤੱਕ ਦੇਸ਼ ਵਿੱਚ ਇੱਕ ਵੀ ਸੂਬਾ ਪੱਛੜਿਆ ਨਾ ਰਹਿੰਦਾ।

ਅਜਿਹੇ ਸੂਬੇ, ਜਿੱਥੇ ਖੇਤਰੀ ਦਲਾਂ ਦੀ ਸਰਕਾਰ ਹੈ, ਉਨ੍ਹਾਂ ਨੂੰ ਯੋਜਨਾਵਾਂ ਦੇ 100 ਫੀਸਦੀ ਲਾਗੂ ਹੋਣ ਦੀ ਪ੍ਰਵਾਹ ਨਹੀਂ ਹੁੰਦੀ। ਉਨ੍ਹਾਂ ਦਾ ਇੱਕੋ-ਇੱਕ ਟੀਚਾ ਜੋੜ-ਤੋੜ ਕਰ ਕੇ ਸੱਤਾ ਵਿੱਚ ਵਾਪਸੀ ਕਰਨਾ ਹੁੰਦਾ ਹੈ। ਇਹੀ ਕਾਰਨ ਹੈ ਕਿ ਸੂਬਿਆਂ ਦੇ ਸਰਕਾਰੀ ਵਿਭਾਗਾਂ 'ਚ ਭ੍ਰਿਸ਼ਟਾਚਾਰ ਅਜਗਰ ਵਾਂਗ ਪੱਸਰਿਆ ਹੋਇਆ ਹੈ। ਅਜਿਹਾ ਨਹੀਂ ਹੈ ਕਿ ਇਸ ਦੀ ਜਾਣਕਾਰੀ ਖੇਤਰੀ ਦਲਾਂ ਦੀਆਂ ਸਰਕਾਰਾਂ ਨੂੰ ਨਹੀਂ ਹੈ, ਹਕੀਕਤ ਇਹ ਹੈ ਕਿ ਜਾਣਕਾਰੀ ਹੋਣ ਦੇ ਬਾਵਜੂਦ ਭ੍ਰਿਸ਼ਟਾਚਾਰ ਦਾ ਖਾਤਮਾ ਸਿਆਸੀ ਦਲਾਂ ਦੀ ਤਰਜੀਹੀ ਸੂਚੀ ਵਿੱਚ ਦਿਖਾਵੇ ਦੇ ਤੌਰ 'ਤੇ ਸ਼ਾਮਲ ਰਹਿੰਦਾ ਹੈ। ਜ਼ਿਆਦਾਤਰ ਖੇਤਰੀ ਦਲ ਜਿੱਤਣ ਲਈ ਦੂਸਰੇ ਕਾਰਕਾਂ ਦਾ ਸਹਾਰਾ ਲੈਂਦੇ ਹਨ।

ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ ਸਿੱਧੇ ਤੌਰ 'ਤੇ ਖੇਤਰੀ ਦਲ ਭ੍ਰਿਸ਼ਟਾਚਾਰ ਨੂੰ ਪਨਾਹ ਦਿੰਦੇ ਹਨ। ਇਹੀ ਕਾਰਨ ਹੈ ਕਿ ਖੇਤਰੀ ਦਲਾਂ ਦੇ ਨੇਤਾਵਾਂ-ਮੰਤਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਹੋਣ ਦੇ ਬਾਵਜੂਦ ਕਾਰਵਾਈ ਨਹੀਂ ਹੁੰਦੀ। ਕਾਂਗਰਸ ਇਸੇ ਦਾ ਨਤੀਜਾ ਭੁਗਤ ਰਹੀ ਹੈ। ਇੱਕ ਪਾਸੇ ਕਾਂਗਰਸ ਨੇ ਗੁੱਝੇ ਰਾਸ਼ਟਰਵਾਦ ਦਾ ਚੋਲਾ ਪਹਿਨੀ ਰੱਖਿਆ, ਦੂਸਰੇ ਪਾਸੇ ਭ੍ਰਿਸ਼ਟਾਚਾਰ ਦੇ ਦਾਗਾਂ ਨੂੰ ਧੋਣ ਵਿੱਚ ਨਾਕਾਮ ਰਹੀ। ਇਹ ਯਕੀਨੀ ਹੈ ਕਿ ਕੇਂਦਰ ਹੋਵੇ ਜਾਂ ਸੂਬਿਆਂ ਦੀਆਂ ਸਰਕਾਰਾਂ, ਜਦੋਂ ਤੱਕ ਭ੍ਰਿਸ਼ਟਾਚਾਰ ਨੂੰ ਮਿਟਾਉਣ ਲਈ ਸਾਂਝੇ ਤੌਰ 'ਤੇ ਕੰਮ ਨਹੀਂ ਕਰਨਗੀਆਂ ਉਦੋਂ ਤੱਕ ਅਜਿਹੀਆਂ ਯੋਜਨਾਵਾਂ ਧਰਾਤਲ ਤੱਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜਦੀਆਂ ਰਹਿਣਗੀਆਂ।

# ਕਾਲਾ ਸੁਰਮਾ ਵਸੇ ਪਹਾੜੀਂ....

ਡਾ. ਰਾਜਵੰਤ ਕੌਰ ਪੰਜਾਬ

ਲਗਭਗ ਤਿੰਨ ਦਹਾਕੇ ਪਹਿਲਾਂ ਤੱਕ ਪਿੰਡਾਂ ਵਿੱਚ ਵਣਜਾਰੇ ਫਿਰਦੇ ਆਮ ਵੇਖੇ ਜਾਂਦੇ ਸਨ। ਘੁੰਮ ਫਿਰ ਕੇ ਔਰਤਾਂ ਦੇ ਹਾਰ ਸ਼ਿੰਗਾਰ ਦੀਆਂ ਵਸਤਾਂ ਵੇਚਦੇ ਸਨ। ਅੱਜ ਕੱਲ੍ਹ ਉਹ ਮੇਲਿਆਂ ਵਿੱਚ ਸੜਕ ਦੇ ਆਸੇ ਪਾਸੇ ਬੈਠੇ ਨਜ਼ਰ ਆ ਜਾਂਦੇ ਹਨ। ਸੰਧੂਰ, ਕੰਘੇ, ਕੱਜਲ, ਚੂੜੀਆਂ, ਦੰਦਾਸਾ, ਨਹੁੰ ਪਾਲਿਸ਼, ਪਾਊਡਰ, ਸਿਰ ਦੀਆਂ ਸੂਈਆਂ ਤੇ ਬਿੰਦੀਆਂ ਤੋਂ ਇਲਾਵਾ ਉਨ੍ਹਾਂ ਕੋਲ ਅੱਖਾਂ ਵਿੱਚ ਪਾਉਣ ਲਈ ਸੁਰਮਾ ਹੁੰਦਾ ਹੈ। ਇਸ ਰੰਗਲੀ ਦੁਨੀਆ ਨੂੰ ਮਨੁੱਖ ਅੱਖਾਂ ਰਾਹੀਂ ਵੇਖਦਾ ਹੈ ਤੇ ਅੱਖਾਂ ਨੂੰ ਸੋਹਣਾ ਤੇ ਆਕਰਸ਼ਕ ਬਣਾਉਣ ਲਈ ਕੱਜਲ/ ਕਜਲਾ/ ਕਜਰਾ ਤੇ ਸੁਰਮੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਅੰਜਨ ਤੇ ਇਸਤਰੀ ਨੂੰ ਅੰਜਨਾ ਜਾਂ ਅੰਜਨਹਾਰੀ ਕਹਿ ਲਿਆ ਜਾਂਦਾ ਹੈ। ਭਾਵੇਂ ਪੰਜਾਬ ਅਤੇ ਪਾਕਿਸਤਾਨ ਦੇ ਸਰਹੱਦੀ ਕਬਾਇਲੀ ਇਲਾਕਿਆਂ ਵਿੱਚ ਮਰਦ ਵੀ ਸੁਰਮਾ ਪਾ ਲੈਂਦੇ ਹਨ, ਪਰ ਮਰਦਾਂ ਦੀ ਨਿਸਬਤ ਔਰਤਾਂ ਵੱਲੋਂ ਸੁਰਮਾ/ ਕੱਜਲ ਪਾਉਣ ਦਾ ਰੁਝਾਨ ਵੱਧ ਹੈ। ਇਸਤਰੀ ਨੇ ਅੱਖਾਂ ਵਿੱਚ ਕੱਜਲ ਪਾਇਆ ਹੋਵੇ ਜਾਂ ਕੁਦਰਤੀ ਉਸ ਦੇ ਨੇਤਰ ਕਜਲਈ ਹੋਣ ਤਾਂ ਉਸ ਨੂੰ 'ਕਜਰਾਖੀ', ਪਰ ਜੇ ਮਰਦ ਨੇ ਕੱਜਲ ਪਾਇਆ ਹੋਵੇ ਤਾਂ ਉਸ ਨੂੰ 'ਕਜਰਾਰਾ' ਕਿਹਾ ਜਾਂਦਾ ਹੈ।

ਪਹਾੜਾਂ ਦਾ ਵਸਨੀਕ ਸੁਰਮਾ ਇਕ ਕਿਸਮ ਦਾ ਕਾਲਾ ਪੱਥਰ ਹੁੰਦਾ ਹੈ, ਜਿਸ ਨੂੰ ਅੱਖਾਂ ਦੀਆਂ ਕੋਰਾਂ ਕਾਲੀਆਂ ਕਰਨ ਵਾਸਤੇ ਖਰਲ ਵਿੱਚ ਪਾਊਡਰ ਵਾਂਗ ਮਹੀਨ ਪੀਸ ਲਿਆ ਜਾਂਦਾ ਹੈ ਜਦੋਂ ਕਿ ਕੱਜਲ ਮਲਾਈ ਵਰਗਾ ਮੁਲਾਇਮ ਹੁੰਦਾ ਹੈ। ਪਿੰਡਾਂ ਵਿੱਚ ਅਜੇ ਵੀ ਸੁਰਮਾ ਅਤੇ ਕੱਜਲ ਦੋਵਾਂ ਘਰਾਂ ਵਿੱਚ ਤਿਆਰ ਕਰ ਲਏ ਜਾਂਦੇ ਹਨ। ਧੂੜ ਮਿੱਟੀ ਤੋਂ ਬਚਾਉਣ ਲਈ ਸੁਰਮੇ ਨੂੰ 'ਸੁਰਮੇਦਾਨੀ' ਤੇ ਕੱਜਲ ਨੂੰ 'ਕਜਲੋਟੀ' ਵਿੱਚ ਪਾ ਕੇ ਰੱਖਿਆ ਜਾਂਦਾ ਹੈ। ਸੁਰਮਾ ਪੰਜਾਬਣਾਂ ਦੇ ਲੰਮੇ ਗੌਣਾਂ ਦਾ ਸ਼ਿੰਗਾਰ ਰਿਹਾ ਹੈ ਤੇ ਗੂੜ੍ਹੇ ਨੈਣਾਂ ਦਾ ਪਾਂਧੀ ਵੀ:

ਕਾਲਾ ਸੁਰਮਾ ਵਸੇ ਪਹਾੜੀਂ, ਮਜਨੀ-ਮਜਨੀ ਆਵੇ
ਕਾਲੇ ਸੁਰਮੇ ਦੇ ਸ਼ਾਬਾਸ਼ੇ, ਕਾਲੇ ਸੁਰਮੇ ਦੇ।
ਰਾਣੀ ਕੁੜੀਏ ਰਗੜਨ ਲੱਗੀ,
ਵੱਟੇ ਹੇਠ ਨਾ ਆਵੇ, ਸ਼ਾਬਾਸ਼ੇ ਕਾਲੇ ਸੁਰਮੇ ਦੇ।

ਮਨੁੱਖ ਦੀ ਜ਼ਿੰਦਗੀ ਦੇ ਤਿੰਨ ਅਹਿਮ ਪੜਾਵਾਂ ਵਿੱਚੋਂ ਜਨਮ ਤੇ ਵਿਆਹ ਵੇਲੇ ਰੀਤਾਂ ਰਸਮਾਂ ਦੇ ਨਿਭਾਊ ਵੇਲੇ ਲੋਕ ਗੀਤ ਵੀ ਨਾਲੋ-ਨਾਲ ਚੱਲਦੇ ਹਨ, ਜਿਨ੍ਹਾਂ ਵਿੱਚੋਂ ਸੁਰਮੇ ਦੀ ਅਹਿਮੀਅਤ ਨੂੰ ਲਾਂਭੇ ਨਹੀਂ ਕੀਤਾ ਜਾ ਸਕਦਾ। ਸਾਡੇ ਸਮਾਜ ਵਿੱਚ ਬਾਲ ਨੇ ਅਜੇ ਜਨਮ ਨਹੀਂ ਲਿਆ ਹੁੰਦਾ ਕਿ ਗਰਭ ਵਿੱਚ ਬੱਚੇ ਦੇ ਨਿਰਵਿਘਨ ਪਲਣ ਦ ਉਦੇਸ਼ ਹਿੱਤ ਗਰਭਵਤੀ ਔਰਤ ਦੀ ਨਣਦ ਵੱਲੋਂ ਗਰਭ ਦੇ ਤੀਜੇ ਮਹੀਨੇ ਭਾਬੀ ਦੇ ਸੁਰਮਾ ਪਾਇਆ ਜਾਂਦਾ ਸੀ ਤੇ ਉਸ ਤੋਂ ਬਾਅਦ ਬਾਲ ਦੇ ਜਨਮ ਉਪਰੰਤ ਸਵਾ ਮਹੀਨੇ ਤੱਕ ਉਸ ਨੂੰ ਸੁਰਮਾ ਪਾਉਣ ਦੀ ਮਨਾਹੀ ਹੁੰਦੀ ਸੀ। ਅੱਜ ਕੱਲ੍ਹ ਅਜਿਹਾ ਨਹੀਂ ਵਾਪਰਦਾ। ਪਿੰਡਾਂ ਵਿੱਚ ਨਿੱਕੇ ਬੱਚੇ ਦੀਆਂ ਅੱਖਾਂ ਵਿੱਚ ਘਰ ਤਿਆਰ ਕੀਤਾ ਕੱਜਲ/ ਸੁਰਮਾ ਪਾਇਆ ਜਾਂਦਾ ਸੀ। ਅੱਜ ਵੀ ਪੇਂਡੂ ਮਾਵਾਂ ਨਿੱਕੇ ਬੱਚੇ ਦੇ ਸੁਰਮਾ ਜਾਂ ਕੱਜਲ ਜ਼ਰੂਰ ਪਾਉਂਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੱਜਲ ਪਾਉਣ ਨਾਲ ਬੱਚੇ ਦੀਆਂ ਅੱਖਾਂ ਮੋਟੀਆਂ ਲੱਗਦੀਆਂ ਹਨ, ਜਿਸ ਨਾਲ ਬੱਚਾ ਹੋਰ ਸੋਹਣਾ ਲੱਗਦਾ ਹੈ, ਜਿਸ ਨਾਲ ਨਜ਼ਰ ਛੇਤੀ ਲੱਗਣ ਦਾ ਡਰ ਰਹਿੰਦਾ ਹੈ। ਇਸ ਕਰਕੇ ਉਹ ਆਪਣੇ ਬਾਲ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਉਸ ਦੇ ਮੱਥੇ ਦੇ ਇਕ ਪਾਸੇ ਸੁਰਮੇ ਦਾ ਟਿੱਕਾ ਜਾਂ ਲਕੀਰ ਲਾਉਂਦੀਆਂ ਹਨ। ਲੋਕ ਕਾਵਿ ਵਿੱਚੋਂ ਅਨੇਕ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜੋ ਸਿੱਧ ਕਰਦੀਆਂ ਹਨ ਕਿ ਸੁਹਾਗਣ ਦੀ ਜ਼ਿੰਦਗੀ ਵਿੱਚ ਸੁਰਮੇ ਨੂੰ ਕਿੰਨੀ ਅਹਿਮੀਅਤ ਹਾਸਲ ਹੈ। ਇਸੇ ਲਈ ਵਿਧਵਾ ਦੇ ਜਜ਼ਬਿਆਂ 'ਤੇ ਅੰਕੁਸ਼ ਲਾਉਂਦਿਆਂ ਉਸ ਨੂੰ ਸੁਰਮਾ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਵਿਧਵਾ ਔਰਤ ਨੂੰ ਸੁਰਮਾ ਪਾਉਣੋਂ ਵਰਜਦਿਆਂ ਲੋਕ ਮਨ ਨੇ ਅਖਾਣ ਘੜਿਆ 'ਤਿੱਤਰ ਖੰਭੀ ਬੱਦਲੀ ਰੰਡੀ ਕੱਜਲ ਪਾਏ, ਉਹ ਵੱਸੇ ਉਹ ਉਜੜੇ ਕਦੇ ਨਾ ਬਿਰਥੀ ਜਾਏ।'



ਵਿਆਹ ਦੇ ਪੱਖ ਤੋਂ ਵੇਖੀਏ ਤਾਂ ਕਿਸੇ ਸਮੇਂ ਰਿਸ਼ਤਾ ਕਰਾਉਣ ਵਿੱਚ ਨਾਈ ਜਾਂ ਵਿਚੋਲਿਆਂ ਦੀ ਅਹਿਮ ਭੂਮਿਕਾ ਹੁੰਦੀ ਸੀ। ਆਪਣੇ ਸਵਾਰਥਾਂ ਦੀ ਪੂਰਤੀ ਹਿੱਤ ਕਈ ਵਾਰ ਉਹ ਅਣਜੋੜ ਰਿਸ਼ਤੇ ਵੀ ਪੂਰ ਚੜ੍ਹਾ ਦਿੰਦੇ ਸਨ। ਅਜਿਹੇ ਦਰਦ ਨੂੰ ਹੰਢੀਂ ਹੰਢਾ ਰਹੀ ਮੁਟਿਆਰ ਰਾਵੀ ਦੇ ਪਾਣੀ ਦੀ ਨਿਰਮਲਤਾ ਨੂੰ ਸੁਰਮਾ ਡੋਲ੍ਹ ਕੇ ਭੰਗ ਕਰਨ ਦੀ ਗੱਲ ਕਰਕੇ ਆਪਣੀ ਕਲਪਨਾ ਦੀ ਦੁਨੀਆ ਤੋਂ ਉਲਟ ਵਾਪਰਦੀ ਸਥਿਤੀ ਦਾ ਦੁੱਖ ਇਸ ਤਰ੍ਹਾਂ ਬਿਆਨਦੀ ਹੈ:

ਵਗਦੀ ਸੀ ਰਾਵੀ, ਵਿੱਚ ਸੁਰਮਾ ਕੀਰਨੇ ਡੋਲ੍ਹਿਆ
ਜਿੰਦਣ ਦੀ ਆਈ, ਕਦੇ ਹੱਸ ਕੇ ਨਾ ਬੋਲਿਆ

ਅਣਜੋੜ ਵਿਆਹ ਦਾ ਨਤੀਜਾ ਭੁਗਤਦੀ ਨਾਰ ਦਾ ਕੰਤ ਜੇ ਨਦਾਨ ਤੇ ਨਿਆਣਾ ਹੁੰਦਾ ਤਾਂ ਉਹ ਮਾਂ ਅੱਗੇ ਆਪਣੀਆਂ ਭਾਵਨਾਵਾਂ ਦਾ ਕਥਾਰਸਿਜ਼ ਬਾਰਾਮਾਂਹ ਕਾਵਿ ਰੂਪ ਰਾਹੀਂ ਇੰਜ ਕਰਦੀ:

ਮਾਘ ਦਾ ਮਹੀਨਾ ਨੀ ਮਾਂ, ਮੇਰਾ ਜੀਊੜਾ ਢਹਿੰਦਾ।
ਅੱਖੀਆਂ ਦਾ ਕਜਲਾ ਨੀ ਮਾਂ, ਮੇਰਾ ਵਹਿ-ਵਹਿ ਪੈਂਦਾ।
ਤੁਧ ਬਿਨ ਡਾਢੇ ਰੱਬ ਜੀ, ਮੇਰਾ ਭੌਰ ਨਿਮਾਣਾ।
ਨੀ ਮਾਏ ਨੱਢਾ ਨਾਦਾਨ, ਕਦੋਂ ਹੋਵੇਗਾ ਸਿਆਣਾ?

ਵਿਆਹ ਵਾਲੇ ਦਿਨ ਲਾੜੇ ਦੀ ਨ੍ਹਾਈ ਧੋਈ ਕਰਾ ਕੇ ਸ਼ਗਨੀ ਬਸਤਰ, ਦਸਤਾਰ ਅਤੇ ਸਿਹਰਾ/ਕਲਗੀ ਸਜਾਉਣ ਉਪਰੰਤ ਉਸ ਦੀ ਭਾਬੀ ਵੱਲੋਂ ਉਸ ਦੇ ਸੁਰਮਾ ਪਾਇਆ ਜਾਂਦਾ ਹੈ। ਭਾਵ ਲਾੜੇ ਨੂੰ ਸਜਾਉਣ ਤੇ ਨਜ਼ਰ ਲੱਗਣ ਤੋਂ ਬਚਾਉਣ ਲਈ ਆਖਰੀ ਯਤਨ ਭਰਜਾਈ ਕਰਦੀ ਹੈ। ਇਹ ਰਸਮ ਵਿਆਹੁਲੇ ਦਿਉਰ ਦੇ ਰੂਪ ਨੂੰ ਨਿਖਾਰਨ ਤੇ ਬੁਰੀਆਂ ਰੂਹਾਂ ਨੂੰ ਲਾੜੇ ਤੋਂ ਦੂਰ ਰਹਿਣ ਦੇ ਮਨੋਰਥ ਹਿੱਤ ਅਦਾ ਕੀਤੀ ਜਾਂਦੀ ਹੈ। ਸੁਰਮਾ ਪਵਾਈ ਦੀ ਰਸਮ ਦੌਰਾਨ ਹਾਜ਼ਰ ਮੇਲਣਾਂ ਵੱਲੋਂ ਇਸ ਰਸਮ ਨਾਲ ਸਬੰਧਤ ਹੇਅਰੇ ਲਾਏ ਜਾਂਦੇ ਹਨ:

ਪਹਿਲੀ ਸਲਾਈ ਵੇ ਦਿਉਰਾ! ਰਸ ਭਰੀ,
ਕੋਈ ਦੂਜੀ ਗੁਲਾਨਾਰ
ਤੀਜੀ ਸਲਾਈ ਤਾਂ ਪਾਵਾਂ ਦਿਉਰਾ, ਜੇ ਮੁਹਰਾਂ ਦੇਵੇਂ
ਵੇ ਅੰਤੋਂ ਪਿਆਰਿਆ ਚਾਰ।

ਪੱਛਮੀ ਪੰਜਾਬ ਵਿੱਚ ਭਰਜਾਈ ਸੁਰਮਾ ਉਸ ਸਮੇਂ ਪਾਉਂਦੀ ਹੈ ਜਦੋਂ ਲੜਾ ਸਜ ਧਜ ਕੇ ਹੱਥ ਵਿੱਚ ਕਿਰਪਾਨ ਫੜ ਕੇ ਘੋੜੀ ਚੜ੍ਹਦਾ ਹੈ, ਪਰ ਪੂਰਬੀ ਸਮਾਜ ਵਿੱਚ ਇਹ ਰਸਮ ਸਿਹਰਾਬੰਦੀ ਤੋਂ ਬਾਅਦ ਨਿਭਾਈ ਜਾਂਦੀ ਹੈ। ਸੁਰਮਾ ਪਾਉਣ ਉਪਰੰਤ ਦਿਉਰ ਭਰਜਾਈਆਂ ਨੂੰ ਸ਼ਗਨ ਦਿੰਦਾ ਹੈ। ਸੁਰਮਾ ਪਾਉਣ ਦੀ ਇਹ ਰਸਮ ਟੂਣਾ ਚਿੰਤਨ 'ਤੇ ਆਧਾਰਿਤ ਹੈ। ਲੋਕ ਮਨ ਨੇ ਸੁਰਮਾ ਬਦਰੂਹਾਂ ਨੂੰ ਦੂਰ ਰੱਖਣ ਵਿੱਚ ਸਹਾਇਕ ਮੰਨਿਆ ਹੈ।

ਕਿਸੇ ਸਮੇਂ ਮੇਲਿਆਂ ਅਤੇ ਵਿਆਹਾਂ ਵਿੱਚ ਮੁਟਿਆਰਾਂ ਹੀ ਨਹੀਂ ਗੱਭਰੂ ਵੀ ਸੁਰਮਾ ਪਾ ਕੇ ਜਾਂਦੇ ਸਨ। ਰੇਡੀਓ 'ਤੇ ਅਕਸਰ ਵੱਜਦਾ 'ਭੱਟੀ' ਭੜੀ ਵਾਲੇ ਦਾ ਗੀਤ ਵੀ ਇਸ ਗੱਲ ਦੀ ਸ਼ਾਹਦੀ ਭਰਦਾ ਹੈ:

ਸੁਰਮਾ ਪਾ ਮਿੱਤਰਾ, ਮੈਂ ਮੇਲੇ ਨੂੰ ਜਾਣਾ।
ਵੇ ਸੁਰਮਾ ਪਾ ਮਿੱਤਰਾ..।

ਲਹਿੰਦੇ ਪੰਜਾਬ ਤੋਂ ਅਹਿਮਦ ਰਾਹੀ ਨੇ ਆਪਣੀ ਕਵਿਤਾ 'ਤ੍ਰਿੰਞਣ' ਵਿੱਚ ਸਾਂਝੇ ਪੰਜਾਬ ਦੀ ਵੰਡ ਦੇ ਦੁਖਾਂਤ ਨੂੰ ਇਕ ਅਜਿਹੇ ਵਿਆਹ ਨਾਲ ਤੁਲਨਾਇਆ ਹੈ, ਜਿਸ ਵਿੱਚ ਨਾ ਭਰਜਾਈਆਂ ਸੁਰਮੇ ਪਾਉਂਦੀਆਂ ਹਨ ਅਤੇ ਨਾ ਕੋਈ ਸਿਹਰਿਆਂ ਵਾਲਾ ਆਉਂਦਾ ਹੈ:

ਨ ਹੱਥਾਂ ਨੂੰ ਮਹਿੰਦੀਆਂ ਲਾਈਆਂ,
ਨ ਸ਼ਗਨਾਂ ਦੇ ਗਾਨੇ,
ਨ ਸਈਆਂ ਨੇ ਡੋਲੀਆਂ ਗਾਈਆਂ,
ਨ ਭਰਜਾਈਆਂ ਸੁਰਮੇ ਪਾਏ,
ਨ ਕੋਈ ਸਿਹਰਿਆਂ ਵਾਲਾ ਆਇਆ।

ਹੀਰ ਦੀਆਂ ਅੱਖਾਂ ਵਿੱਚ ਫਬਦੇ ਸੁਰਮੇ ਦੀ ਗੱਲ ਕਰਕੇ ਵਾਰਸ ਸ਼ਾਹ ਪੰਜਾਬੀਆਂ ਦੀ ਵੱਖਰੀ ਪਛਾਣ ਕਰਵਾਉਂਦਾ ਹੈ ਅਤੇ ਹੀਰ ਦੀ ਤਾਰੀਫ ਕਰਦਿਆਂ ਉਹ ਕਈ ਥਾਈਂ ਹੀਰ ਵੱਲੋਂ ਸੁਰਮਾ ਅਤੇ ਕੱਜਲ ਪਾਉਣ ਦੀ ਗੱਲ ਕਰਦਾ ਹੈ:

ਸੁਰਮਾ ਨੈਣਾਂ ਦੀ ਧਾਰ ਵਿੱਚ ਖੁੜ ਰਹਿਆ
ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।
ਭਿੰਨੇ ਵਾਲ ਚੁੰਨੇ, ਮੱਥੇ ਚੰਦ ਰਾਂਝਾ
ਨੈਣੀਂ ਕੱਜਲੇ ਦੀ ਘਮਸਾਨ ਹੋਈ।

ਇਉਂ ਲੋਕਧਾਰਾ ਤੇ ਮਨੁੱਖ ਦੇ ਸੁਹਜ ਸੁਹੱਪਣ ਨੂੰ ਮਾਣਨ ਦੇ ਸ਼ੌਕ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਕੱਜਲ /ਸੁਰਮੇ ਨੂੰ ਸੁਹਾਗਣ ਲਈ ਸੋਲ੍ਹਾਂ ਸ਼ਿੰਗਾਰਾਂ ਵਿੱਚ ਅਹਿਮ ਸਥਾਨ ਪ੍ਰਾਪਤ ਹੈ।

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109



## ਈ-ਕਚਰਾ ਪੰਜਾਬ ਵਿੱਚ ਕਬਾੜ 'ਚ ਨਹੀਂ ਵੇਚਿਆ ਜਾ ਸਕੇਗਾ

ਜਲੰਧਰ, 4 ਜੂਨ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਇਲੈਕਟ੍ਰੌਨਿਕ ਕੂੜੇ ਦੇ ਖਾਤਮੇ ਲਈ ਨਵਾਂ ਕਾਨੂੰਨ ਬਣਾਇਆ ਹੈ, ਜਿਸ ਨੂੰ ਪੰਜਾਬ ਵਿੱਚ ਸਖਤੀ ਨਾਲ ਲਾਗੂ ਕਰਨ ਦੀ ਤਿਆਰੀ ਸ਼ੁਰੂ ਹੋ ਗਈ ਹੈ। ਹਾਲੇ ਤੱਕ ਪੁਰਾਣੇ ਕੰਪਿਊਟਰ, ਮੋਬਾਈਲ ਤੇ ਹੋਰ ਬਿਜਲੀ ਸਾਮਾਨ ਨੂੰ ਕਬਾੜ 'ਚ ਵੇਚ ਦਿੱਤਾ ਜਾਂਦਾ ਸੀ, ਜਿਸ ਵਿੱਚ ਉਨ੍ਹਾਂ ਨੂੰ ਤੋੜ ਕੇ ਪਲਾਸਟਿਕ ਦਾ ਸਾਮਾਨ ਵੱਖ ਕੀਤਾ ਜਾਂਦਾ ਸੀ। ਪਤਾ ਲੱਗਾ ਹੈ ਕਿ ਖਰਾਬ ਹੋ ਚੁੱਕੇ ਕੰਪਿਊਟਰ, ਮੋਬਾਈਲਾਂ ਸਮੇਤ ਬਿਜਲੀ ਸਮਾਨ ਜਦੋਂ ਤੋੜਿਆ ਜਾਂਦਾ ਹੈ ਤਾਂ ਉਸ 'ਚ ਕਈ ਘਾਤਕ ਧਾਤਾਂ ਨਿਕਲਦੀਆਂ ਹਨ, ਜਿਨ੍ਹਾਂ ਨਾਲ ਨਾ ਸਿਰਫ ਜ਼ਮੀਨ, ਸਗੋਂ ਹਵਾ 'ਚ ਇਸ ਦੇ ਜਾਣ ਨਾਲ ਲੋਕ ਖਤਰਨਾਕ ਬਿਮਾਰੀਆਂ ਦੇ ਘੇਰੇ 'ਚ ਆ ਸਕਦੇ ਹਨ। ਇਸ ਕਰਕੇ ਇਸ ਨੂੰ ਪਲਾਂਟ ਬਣਾ ਕੇ ਵਿਗਿਆਨਕ ਤਰੀਕੇ ਨਾਲ ਖਤਮ ਕਰਨ ਦੀ ਤਿਆਰੀ ਸ਼ੁਰੂ ਹੋ ਗਈ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਸ ਬਾਰੇ ਨਵੇਂ ਕਾਨੂੰਨ ਨੂੰ ਲਾਗੂ ਕਰਨ ਲਈ ਰਾਜ ਦੇ ਕਈ ਜ਼ਿਲਿਆਂ 'ਚ ਖਰਾਬ ਹੋ ਚੁੱਕੇ ਕੰਪਿਊਟਰ, ਮੋਬਾਈਲ ਅਤੇ ਹੋਰ ਬਿਜਲਈ ਸਾਮਾਨ ਨੂੰ ਪਲਾਂਟ 'ਚ ਭੇਜਣ ਦੇ ਨੋਟਿਸ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿੱਚ 400 ਟਨ ਦੇ ਕਰੀਬ ਈ-ਕੂੜਾ ਹੈ। ਇਸ ਵੇਲੇ ਸਰਕਾਰੀ ਦਫਤਰਾਂ ਅਤੇ ਨਿੱਜੀ ਅਦਾਰਿਆਂ 'ਚ ਹਰ ਜਗ੍ਹਾ ਕੰਪਿਊਟਰ, ਮੋਬਾਈਲ, ਐਲ ਈ ਡੀ ਦੀ ਵੱਡੇ ਪੱਧਰ 'ਤੇ ਖਪਤ ਹੋ ਰਹੀ ਹੈ ਤੇ ਇਨ੍ਹਾਂ 'ਚ ਲੱਖਾਂ ਦੀ ਗਿਣਤੀ 'ਚ ਜੰਤਰ ਖਰਾਬ ਹੋ ਰਹੇ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੀਨੀਅਰ ਐਸ ਈ ਇੰਜੀ. ਹਰਬੀਰ ਸਿੰਘ ਨੇ ਦੱਸਿਆ ਕਿ ਇਸ ਵੇਲੇ ਈ-ਕੂੜੇ ਦੀ ਸੰਭਾਲ ਕਰਨੀ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਦੀ ਸੰਭਾਲ ਲਈ ਕਾਨੂੰਨ ਨਹੀਂ ਬਣੇ ਸਨ, ਪਰ ਕੇਂਦਰ ਸਰਕਾਰ ਨੇ ਇਸ ਦੇ ਨਵੇਂ ਕਾਨੂੰਨ ਬਣਾਏ ਹਨ। ਉਨ੍ਹਾਂ 'ਚ ਈ-ਕੂੜੇ ਨੂੰ ਕਬਾੜ 'ਚ ਵੇਚਣ 'ਤੇ ਰੋਕ ਲਾ ਦਿੱਤੀ ਗਈ ਹੈ। ਬੋਰਡ ਨੇ ਰਾਜ ਵਿੱਚ ਉਨ੍ਹਾਂ ਅਦਾਰਿਆਂ, ਜਿਨ੍ਹਾਂ 'ਚ ਕੰਪਿਊਟਰਾਂ ਦੀ ਵੱਡੇ ਪੱਧਰ 'ਤੇ ਵਰਤੋਂ ਹੁੰਦੀ ਹੈ, ਵਿੱਚ ਸਿੱਖਿਆ ਕੇਂਦਰ, ਸਰਕਾਰੀ ਵਿਭਾਗ, ਹਸਪਤਾਲ ਤੇ ਹੋਰ ਅਦਾਰਿਆਂ ਨੂੰ ਇਸ ਬਾਰੇ ਨੋਟਿਸ ਜਾਰੀ ਕਰ ਦਿੱਤੇ ਹਨ ਕਿ ਉਹ ਆਪਣੇ ਖਰਾਬ ਹੋਏ ਕੰਪਿਊਟਰਾਂ ਜਾਂ ਹੋਰ ਬਿਜਲਈ ਸਾਮਾਨ ਨੂੰ ਕਬਾੜ ਵਿੱਚ ਨਾ ਵੇਚਣ।

## ਨਗਰ ਨਿਗਮ ਬਿਜਲੀ ਬੋਰਡ ਤੋਂ 11 ਕਰੋੜ ਦੇ ਬਕਾਏ ਅਤੇ ਮੰਡੀ ਬੋਰਡ ਤੋਂ 2.14 ਕਰੋੜ ਚਾਰਜ ਵਸੂਲੇਗਾ



ਜਲੰਧਰ, 4 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਦੇ ਨਗਰ ਨਿਗਮ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਸੁਧਾਰਨ ਦੇ ਲਈ ਮੇਅਰ ਜਗਦੀਸ਼ ਰਾਜ ਰਾਜਾ ਨੇ ਸਰਕਾਰ ਤੇ ਸਰਕਾਰੀ ਵਿਭਾਗਾਂ ਕੋਲ ਫਸੇ ਨਗਰ ਨਿਗਮ ਦੇ ਪੈਸੇ ਕਢਵਾਉਣ ਦੇ ਲਈ ਚਿੱਠੀਆਂ ਲਿਖਣੀਆਂ ਸ਼ੁਰੂ ਕੀਤੀਆਂ ਹਨ।

ਪਤਾ ਲੱਗਾ ਹੈ ਕਿ ਮੇਅਰ ਜਗਦੀਸ਼ ਰਾਜਾ ਨੇ ਬਿਜਲੀ ਬੋਰਡ ਕੋਲ ਫਸੇ 11 ਕਰੋੜ ਰੁਪਏ ਮਿਊਂਸਪਲ ਟੈਕਸ ਤੇ ਮੰਡੀ ਬੋਰਡ ਤੋਂ ਸੀਵਰੇਜ ਜੋੜਨ ਦੇ 2.14 ਕਰੋੜ ਰੁਪਏ ਦੇ ਸ਼ੇਅਰਿੰਗ ਚਾਰਜ ਜਮ੍ਹਾ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਪੈਸੇ ਆਉਣ ਤਾਂ ਸ਼ਹਿਰ ਦੇ ਰੁਕੇ ਹੋਏ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾ ਸਕਦੀ ਹੈ। ਮੇਅਰ ਨੇ ਬਿਜਲੀ ਬਿਲ ਉੱਤੇ ਲੱਗਣ ਵਾਲੀ ਚੂੰਗੀ ਦਾ ਇਸ ਸ਼ਹਿਰ ਦਾ ਦੋ ਫੀਸਦੀ ਸ਼ੇਅਰ ਪੀ ਐੱਸ ਪੀ ਸੀ ਐੱਸ ਦੇ ਫਾਈਨੈਂਸ ਡਾਇਰੈਕਟਰ ਨੂੰ ਚਿੱਠੀ ਲਿਖ ਕੇ ਮੰਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਜਲੀ ਉਤੇ ਦੋ ਫੀਸਦੀ ਮਿਊਂਸਪਲ ਟੈਕਸ ਲਾਇਆ ਜਾਂਦਾ ਹੈ। ਜਦੋਂ ਤੋਂ ਇਹ ਟੈਕਸ ਲੱਗ ਰਿਹਾ ਹੈ, ਓਦੋਂ ਤੋਂ ਬਿਜਲੀ ਬੋਰਡ ਨੇ ਉਨ੍ਹਾਂ ਦਾ 11 ਕਰੋੜ ਰੁਪਏ ਟੈਕਸ ਨਹੀਂ ਦਿੱਤਾ, ਜਦ ਕਿ ਨਗਰ ਨਿਗਮ ਵੱਲ ਬਿਜਲੀ ਬੋਰਡ ਦਾ ਕੋਈ ਬਕਾਇਆ ਪੈਂਡਿੰਗ ਨਹੀਂ ਹੈ। ਨਗਰ ਨਿਗਮ ਨੂੰ ਸ਼ਹਿਰ ਦੇ ਵਿਕਾਸ ਵਿੱਚ ਠੇਕੇਦਾਰਾਂ ਦੀ ਪੇਮੈਂਟ ਕਰਨ ਵਿੱਚ ਪੈਸੇ ਦੀ ਕਮੀ ਆ ਰਹੀ ਹੈ। ਇਸ ਲਈ ਇਸ ਪੈਸੇ ਜਲਦੀ ਰਿਲੀਜ਼ ਕੀਤੇ ਜਾਣ, ਤਾਂ ਕਿ ਵਿਕਾਸ ਦੇ ਕੰਮਾਂ ਨੂੰ ਜਲਦ ਤੇਜ਼ੀ ਦਿੱਤੀ ਜਾ ਸਕੇ।

ਇਸ ਮੌਕੇ ਮੇਅਰ ਨੇ ਲੁਧਿਆਣਾ ਵਿੱਚ ਪੰਜਾਬ ਮੰਡੀ ਬੋਰਡ ਦੇ ਐਸ ਈ ਨੂੰ ਇੱਕ ਪੱਤਰ ਲਿਖ ਕੇ ਸਬਜ਼ੀ ਮੰਡੀ ਮਕਸੂਦਾਂ ਦੇ ਸੀਵਰੇਜ ਨੂੰ ਨਗਰ ਨਿਗਮ ਦੇ ਸੀਵਰੇਜ ਨਾਲ ਜੋੜਨ ਦੇ 2.14 ਕਰੋੜ ਰੁਪਏ ਦੇ ਸ਼ੇਅਰਿੰਗ ਚਾਰਜਿਜ਼ ਦੀ ਅਦਾਇਗੀ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸ਼ੇਅਰਿੰਗ ਚਾਰਜ ਨੂੰ ਨਿਗਮ ਨੂੰ ਦੇਣ ਪਿੱਛੋਂ ਹੀ ਮੰਡੀ ਦੇ ਸੀਵਰੇਜ ਨੂੰ ਨਿਗਮ ਦੇ ਸੀਵਰੇਜ ਨਾਲ ਜੋੜਿਆ ਜਾ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਮੰਡੀ ਬੋਰਡ ਦੇ 19.48 ਏਕੜ ਰਕਬੇ ਦੇ ਅਨੁਸਾਰ ਹੀ ਚਾਰਜ ਵਸੂਲੇ ਜਾਣੇ ਹਨ। ਇਸ ਵਿੱਚ ਸੀਵਰੇਜ ਚਾਰਜ 1.47 ਕਰੋੜ ਰੁਪਏ ਹਨ ਅਤੇ ਐਸ ਟੀ ਪੀ ਸ਼ੇਅਰ ਚਾਰਜ 66.57 ਲੱਖ ਰੁਪਏ ਸ਼ਾਮਲ ਹਨ।

## ਦਿਵਿਆ ਸ਼ਕਤੀ ਨਾਲ ਪੈਸੇ ਡਬਲ ਕਰਨ ਦਾ ਝਾਂਸਾ ਦੇ ਕੇ ਠੱਗ ਲਿਆ




ਰੂਪਨਗਰ, 4 ਜੂਨ (ਪੋਸਟ ਬਿਊਰੋ)- ਚਮਤਕਾਰੀ ਸ਼ਕਤੀਆਂ ਨਾਲ ਰੁਪਏ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਇੱਕ ਗਿਰੋਹ ਨੇ ਹਿਮਾਚਲ ਪ੍ਰਦੇਸ਼ ਦੇ ਸੁੰਦਰਨਗਰ ਦੇ ਪਿੰਡ ਪੁੰਘ ਦੇ ਵਿਅਕਤੀ ਤੋਂ 39 ਲੱਖ ਰੁਪਏ ਠੱਗ ਲਏ।

ਉਨ੍ਹਾਂ ਨੇ ਪਹਿਲਾਂ ਬੀਰਬਲ ਗੁਲੇਰੀਆ ਤੋਂ ਖਰੜ ਵਿੱਚ ਸਾਢੇ ਸੱਤ ਲੱਖ ਲਏ ਤੇ ਫਿਰ ਚਮਕੌਰ ਸਾਹਿਬ ਦੇ ਪਿੰਡ ਬਰਸਾਲਪੁਰ ਵਿੱਚ ਸੱਦ ਕੇ 31.50 ਲੱਖ ਲੈ ਲਏ। ਇਸ ਦੇ ਬਾਅਦ ਹਵਨ ਸ਼ੁਰੂ ਕਰਨ ਦਾ ਡਰਾਮਾ ਰਚਿਆ ਤੇ ਹਵਨ ਕਰਾਉਣ ਵਾਲੇ ਗੁਰੂ ਜੀ ਨੂੰ ਕੁਝ ਲੋਕ ਜ਼ਬਰਦਸਤੀ ਚੁੱਕ ਕੇ ਲੈ ਗਏ। ਚਮਕੌਰ ਸਾਹਿਬ ਪੁਲਸ ਨੇ ਸ਼ਿਕਾਇਤ ਕਰਤਾ ਬੀਰਬਲ ਗੁਲੇਰੀਆ ਪੁੱਤਰ ਗੋਬਿੰਦ ਰਾਮ ਗੁਲੇਰੀਆ ਵਾਸੀ ਹਾਊਸ ਨੰਬਰ 335/3 ਪੁੰਘ, ਥਾਣਾ ਸੁੰਦਰਨਗਰ, ਜ਼ਿਲ੍ਹਾ ਮੰਡੀ (ਹਿਮਾਚਲ ਪ੍ਰਦੇਸ਼) ਦੀ ਸ਼ਿਕਾਇਤ ਉੱਤੇ ਗਿਰੋਹ ਦੇ ਛੇ ਮੈਂਬਰਾਂ ਉੱਤੇ ਧੋਖਾਧੜੀ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਏ ਐਸ ਆਈ ਧਰਮਪਾਲ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਬੀਰਬਲ ਦੇ ਦੋਸਤ ਸੋਹਣ ਸਿੰਘ ਠਾਕੁਰ ਵਾਸੀ ਅਲਸੁੰ ਨੇ ਉਸ ਨੂੰ ਰਾਕੇਸ਼ ਕੁਮਾਰ ਉਰਫ ਪੰਮੀ ਨਾਲ ਮਿਲਾਇਆ। ਪੰਮੀ ਨੇ ਬੀਰਬਲ ਨੂੰ ਹੱਥ ਦੀ ਸਫਾਈ ਨਾਲ ਕਾਗਜ਼ ਦੇ ਟੁਕੜਿਆਂ ਨੂੰ ਪੰਜ-ਪੰਜ ਸੌ ਰੁਪਏ ਦੇ ਨੋਟ ਵਿੱਚ ਬਦਲਣ ਦਾ ਕ੍ਰਿਸ਼ਮਾ ਦਿਖਾਇਆ। ਇਸ ਦੇ ਬਾਅਦ ਬੀਰਬਲ ਉਸ ਦੇ ਝਾਂਸੇ ਵਿੱਚ ਫਸਣਾ ਸ਼ੁਰੂ ਹੋ ਗਿਆ। ਅਗਲੇ ਦਿਨ ਦਾਮੋਦਰ ਸਿੰਘ ਨਾਂਅ ਦੇ ਆਦਮੀ ਨੇ ਬੀਰਬਲ ਨੂੰ ਫੋਨ ਕਰਨੇ ਸ਼ੁਰ ਕਰ ਦਿੱਤੇ ਕਿ ਉਹ ਜਲਦੀ ਪੇਮੈਂਟ ਲਿਆਏ, ਉਸ ਨੂੰ ਹਵਨ ਕਰਨ ਦੇ ਬਾਅਦ ਰੁਪਏ ਦੁੱਗਣੇ ਕਰ ਕੇ ਦੇ ਦਿੱਤੇ ਜਾਣਗੇ ਤੇ ਇਸ ਦੇ 25 ਫੀਸਦੀ ਰਕਮ ਪਹਿਲਾਂ ਲਈ ਜਾਏਗੀ। 27 ਮਈ ਨੂੰ ਦੋਸ਼ੀ ਦਾਮੋਦਰ ਸਿੰਘ ਨੇ ਖਰੜ ਵਿੱਚ ਬੀਰਬਲ ਗੁਲੇਰੀਆ ਨੂੰ ਬੁਲਾਇਆ ਅਤੇ ਦੋਸ਼ੀ ਮਲਾਰਡ ਹੋਟਲ ਵਿੱਚ ਠਹਿਰੇ ਸਨ। 28 ਮਈ ਨੂੰ ਰਾਕੇਸ਼ ਕੁਮਾਰ ਉਰਫ ਪੰਮੀ ਵੀ ਆ ਗਿਆ ਅਤੇ ਉਸ ਨੇ ਬੀਰਬਲ ਤੋਂ ਸਾਢੇ ਸੱਤ ਲੱਖ ਰੁਪਏ ਲੈ ਲਏ। ਇਸ ਦੇ ਬਾਅਦ ਬਾਕੀ ਰਕਮ ਲੈ ਕੇ ਤੀਹ ਮਈ ਨੂੰ ਚਮਕੌਰ ਸਾਹਿਬ (ਜ਼ਿਲ੍ਹਾ ਰੂਪਨਗਰ) ਦੇ ਪਿੰਡ ਬਰਸਾਲਪੁਰ ਵਿੱਚ ਰਾਮਮੂਰਤੀ ਦੇ ਘਰ 'ਤੇ ਬੁਲਾਇਆ। ਉਥੇ 31.50 ਲੱਖ ਰੁਪਏ ਦੀ ਰਕਮ ਲੈਣ ਦੇ ਬਾਅਦ ਹਵਨ ਸ਼ੁਰੂ ਕੀਤਾ। ਅਜੇ ਹਵਨ ਸ਼ੁਰੂ ਹੋਏ ਨੂੰ ਦਸ ਮਿੰਟ ਬੀਤੇ ਸਨ ਕਿ 10-12 ਲੋਕ ਉਥੇ ਆਏ ਤੇ ਹਵਨ ਕਰਵਾ ਰਹੇ ਗੁਰੂ ਨੂੰ ਆਪਣੇ ਨਾਲ ਜ਼ਬਰਦਸਤੀ ਉਥੋਂ ਲੈ ਕੇ ਚਲੇ ਗਏ। ਸ਼ਿਕਾਇਤ ਕਰਤਾ ਨੂੰ ਬਾਕੀ ਦੋਸ਼ੀਆਂ ਨੇ ਦੱਸਿਆ ਕਿ ਇਹ ਸੀ ਆਈ ਏ ਸਟਾਫ ਦੀ ਟੀਮ ਸੀ। ਇਹ ਪੈਸੇ ਬੀਰਬਲ ਗੁਲੇਰੀਆ ਨੇ ਆਪਣੇ ਰਿਸ਼ਤੇਦਾਰਾਂ ਤੋਂ ਉਧਾਰ ਲਏ ਸਨ।

## ਕੈਪਟਨ ਅਮਰਿੰਦਰ ਨੇ ਕੌਮੀ ਡਰੱਗ ਨੀਤੀ ਬਣਾਉਣ ਲਈ ਮੋਦੀ ਨੂੰ ਚਿੱਠੀ ਲਿਖੀ

ਜਲੰਧਰ, 4 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੌਮੀ ਡਰੱਗ ਨੀਤੀ ਬਣਾਏ ਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਚਿੱਠੀ ਲਿਖੀ ਹੈ, ਜਿਸ ਵਿੱਚ ਕਿਹਾ ਹੈ ਕਿ ਉਹ ਕੇਂਦਰੀ ਗ੍ਰਹਿ, ਸਮਾਜਕ ਨਿਆਂ ਤੇ ਸਿਹਤ ਤੇ ਪਰਵਾਰ ਭਲਾਈ ਮੰਤਰਾਲਿਆਂ ਨੂੰ ਨਿਰਦੇਸ਼ ਦੇਣ ਕਿ ਨਸ਼ਿਆਂ ਦੀ ਸਮੱਸਿਆ ਨੂੰ ਠੱਲ੍ਹ ਪਾਉਣ ਦੇ ਕਦਮ ਚੁੱਕੇ ਜਾਣ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਪੂਰੇ ਦੇਸ਼ ਵਿੱਚ ਗੰਭੀਰ ਬਣੀ ਹੋਈ ਹੈ। ਪ੍ਰਧਾਨ ਮੰਤਰੀ ਨੂੰ ਇਸ ਪ੍ਰਤੀ ਨਿੱਜੀ ਤੌਰ 'ਤੇ ਦਖਲ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਉਹ ਨਸ਼ਿਆਂ ਉੱਤੇ ਸਖਤੀ ਨਾਲ ਰੋਕ ਲਾਉਣ, ਨਸ਼ੇ ਕਰਨ ਵਾਲਿਆਂ ਦਾ ਇਲਾਜ ਕਰਨ ਅਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਵੱਲ ਵਿਸ਼ੇਸ਼ ਧਿਆਨ ਦੇਣ। ਇੰਝ ਹੋਣ ਨਾਲ ਤਿੰਨ ਤੱਥਾਂ ਵੱਲ ਸਭ ਸੂਬੇ ਧਿਆਨ ਦੇ ਸਕਣਗੇ। ਦੇਸ਼ ਦਾ ਨੌਜਵਾਨ ਨਸ਼ਿਆਂ ਵਿੱਚ ਡੁੱਬਦਾ ਜਾਂਦਾ ਹੈ। ਇਸ ਲਈ ਭਾਰਤ ਸਰਕਾਰ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਬੰਧੀ ਭਾਰਤ ਸਰਕਾਰ ਦੇ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਕੌਮੀ ਡਰੱਗ ਨੀਤੀ ਬਣਾਉਣ ਲਈ ਸਹਿਯੋਗ ਦੇ ਸਕਦੀ ਹੈ ਤੇ ਕੌਮੀ ਹਿੱਤਾਂ ਨੂੰ ਦੇਖਦੇ ਹੋਏ ਇਸ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਵਿਚ ਸਹਿਯੋਗ ਦੇ ਸਕਦੀ ਹੈ। ਪੰਜਾਬ ਦੀ ਸਰਹੱਦ 553 ਕਿਲੋਮੀਟਰ ਲੰਬੀ ਪਾਕਿਸਤਾਨ ਨਾਲ ਲੱਗਦੀ ਹੈ। ਇਸ ਲਈ ਦੇਸ਼ ਦੀ ਸੁਰੱਖਿਆ ਦਾ ਧਿਆਨ ਰੱਖਦੇ ਹੋਏ ਕੌਮੀ ਡਰੱਗ ਨੀਤੀ ਬਣਾਉਣ ਦੀ ਲੋੜ ਹੈ। ਪਾਕਿਸਤਾਨ ਤੋਂ ਪੰਜਾਬ ਤੇ ਭਾਰਤ ਦੇ ਹੋਰਨਾਂ ਰਾਜਾਂ ਵਿੱਚ ਨਾਰਕੋ ਟੈਰੇਰਿਜ਼ਮ ਫੈਲਾਇਆ ਜਾ ਰਿਹਾ ਹੈ। ਇਸ ਕੌਮਾਂਤਰੀ ਸਮੱਸਿਆ ਨਾਲ ਨਜਿੱਠਣ ਲਈ ਭਾਰਤ ਸਰਕਾਰ ਨੂੰ ਹੋਰਨਾਂ ਦੇਸ਼ਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ।

ਇਸ ਚਿੱਠੀ ਵਿੱਚ ਮੁੱਖ ਮੰਤਰੀ ਨੇ ਲਿਖਿਆ ਹੈ ਕਿ ਬੀਤੇ 20 ਸਾਲ ਵਿੱਚ ਭਾਰਤ ਵਿੱਚ ਗੈਰ ਕਾਨੂੰਨੀ ਢੰਗ ਨਾਲ ਆਉਣ ਵਾਲੇ ਨਸ਼ੀਲੇ ਪਦਾਰਥਾਂ ਦੀ ਮਾਤਰਾ ਬਹੁਤ ਵਧ ਗਈ ਹੈ। ਨਸ਼ਾ ਕਰਨ ਵਾਲਿਆਂ ਦੀ ਗਿਣਤੀ ਦਾ ਵਾਧਾ ਹੋ ਰਿਹਾ ਹੈ। ਇਸ ਲਈ ਨਸ਼ਾ ਵੇਚਣ ਵਾਲੇ ਮਗਰਮੱਛ ਪੰਜਾਬ ਛੱਡ ਕੇ ਦੌੜ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾਮੁਕਤ ਬਣਾਉਣ ਦੀ ਵਚਨਬੱਧਤਾ ਨੂੰ ਉਹ ਪੂਰਾ ਕਰਨਗੇ।

## ਸਾਬਕਾ ਡੀ ਸੀ ਰਮੇਸ਼ ਇੰਦਰ ਨੇ ਅਪਰੇਸ਼ਨ ਬਲਿਊ ਸਟਾਰ ਬਾਰੇ ਸਥਿਤੀ ਸਪੱਸ਼ਟ ਕੀਤੀ

* ਦਰਬਾਰ ਸਾਹਿਬ ਫੌਜ ਭੇਜਣ ਦੀ ਚਿੱਠੀ ਦਾ ਖੰਡਨ



ਚੰਡੀਗੜ੍ਹ, 4 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਚੀਫ ਸੈਕਟਰੀ ਰਮੇਸ਼ ਇੰਦਰ ਸਿੰਘ, ਜਿਹੜੇ 1984 ਵਿੱਚ ਅਪਰੇਸ਼ਨ ਬਲਿਊ ਸਟਾਰ ਦੇ ਸਮੇਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਨ, ਨੇ ਕੱਲ੍ਹ ਇਹ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਦਰਬਾਰ ਸਾਹਿਬ ਵਿੱਚ ਫੌਜ ਭੇਜਣ ਦੇ ਕਿਸੇ ਕਾਗਜ਼ 'ਤੇ ਦਸਖਤ ਨਹੀਂ ਕੀਤੇ, ਕੁਝ ਲੋਕ ਖਿਆਲੀ ਕਹਾਣੀਆਂ ਬਣਾ ਕੇ ਉਨ੍ਹਾਂ ਦੇ ਖਿਲਾਫ ਗਲਤ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸੱਚਾਈ ਸਾਹਮਣੇ ਲਿਆਉਣ ਲਈ ਟਰੁਥ ਤੇ ਰਿਕਾਂਸੀਲੇਸ਼ਨ ਕਮਿਸ਼ਨ ਬਣਾਇਆ ਜਾਏ, ਜਿਸ ਵਿੱਚ ਇਮਾਨਦਾਰ ਤੇ ਉਚ ਪੱਧਰੀ ਜੱਜ ਲਏ ਜਾਣ ਅਤੇ ਸਾਰੇ ਲੋਕਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਏ ਤਾਂ ਕਿ ਸੱਚਾਈ ਲੋਕਾਂ ਦੇ ਸਾਹਮਣੇ ਆ ਸਕੇ।

ਇਸ ਸੰਬੰਧ ਵਿੱਚ ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਫੌਜ ਬੁਲਾਉਣ ਦਾ ਫੈਸਲਾ ਓਦੋਂ ਦੀ ਕੇਂਦਰ ਸਰਕਾਰ ਦਾ ਸੀ ਤੇ ਇਸ ਬਾਰੇ ਜੋ ਚਿੱਠੀ ਲਿਖਵਾਈ ਗਈ, ਉਹ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਬੀ ਡੀ ਪਾਂਡੇ ਦੇ ਕਹਿਣ ਉਤੇ ਉਸ ਸਮੇਂ ਦੇ ਗ੍ਰਹਿ ਸਕੱਤਰ ਅਮਰੀਕ ਸਿੰਘ ਪੂਨੀ ਨੇ ਲਿਖੀ ਸੀ। ਚਿੱਠੀ ਲਿਖਣ ਸਮੇਂ ਪੰਜਾਬ ਦੇ ਉਸ ਸਮੇਂ ਦੇ ਚੀਫ ਸੈਕਟਰੀ ਕੇ ਡੀ ਵਾਸੁਦੇਵਾ ਵੀ ਹਾਜ਼ਰ ਸਨ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਫੌਜ ਬੁਲਾਉਣ ਲਈ ਉਨ੍ਹਾਂ ਕੋਈ ਚਿੱਠੀ ਨਹੀਂ ਲਿਖੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਪੱਛਮੀ ਬੰਗਾਲ ਤੋਂ 1978 ਵਿੱਚ ਪੰਜਾਬ ਆ ਗਏ ਸਨ ਤੇ ਇਹ ਗਲਤ ਪ੍ਰਚਾਰ ਹੈ ਕਿ ਉਨ੍ਹਾਂ ਨੂੰ ਪੱਛਮੀ ਬੰਗਾਲ ਤੋਂ ਅਪਰੇਸ਼ਨ ਬਲਿਊ ਸਟਾਰ ਤੋਂ ਦੋ-ਚਾਰ ਦਿਨ ਪਹਿਲਾਂ ਅੰਮ੍ਰਿਤਸਰ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਾ ਚਾਰਜ ਉਨ੍ਹਾਂ ਨੇ ਪੰਜ ਜੂਨ ਸਵੇਰੇ ਲਿਆ ਸੀ, ਜਦੋਂ ਉਸ ਸਮੇਂ ਦੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਨੇ ਅਮਰੀਕਾ ਆਪਣੇ ਬੇਟੇ ਕੋਲ ਜਾਣਾ ਸੀ ਤੇ ਗੁਰਦੇਵ ਸਿੰਘ ਬਰਾੜ ਨੇ ਅਪ੍ਰੈਲ ਵਿੱਚ ਹੀ ਆਪਣੀ ਛੁੱਟੀ ਮਨਜ਼ੂਰ ਕਰਵਾ ਲਈ ਸੀ ਤੇ ਉਨ੍ਹਾਂ ਦੀ ਅੱਠ ਜੂਨ ਦੀ ਦਿੱਲੀ ਤੋਂ ਫਲਾਈਟ ਬੁਕ ਸੀ। ਰਮੇਸ਼ ਇੰਦਰ ਸਿੰਘ ਵੱਲੋਂ ਕਹੀ ਗੱਲ ਦੀ ਪੁਸ਼ਟੀ ਕੇ ਡੀ ਵਾਸੁਦੇਵਾ, ਐੱਸ ਐੱਸ ਧਨੋਆ (ਜੋ ਬਾਅਦ ਵਿੱਚ ਪੰਜਾਬ ਦੇ ਚੀਫ ਸੈਕਟਰੀ ਬਣੇ), ਉਸ ਸਮੇਂ ਦੇ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਐੱਨ ਐੱਸ ਰਤਨ ਅਤੇ ਫੌਜੀ ਅਫਸਰ ਓਂਕਾਰ ਸਿੰਘ ਗੋਰਾਇਆ ਨੇ ਵੀ ਕੀਤੀ ਹੈ। ਇਨ੍ਹਾਂ ਅਫਸਰਾਂ ਨੇ ਕਿਹਾ ਹੈ ਕਿ ਫੌਜ ਬੁਲਾਉਣ ਦਾ ਹੁਕਮ ਕੇਂਦਰ ਸਰਕਾਰ ਨੇ ਦਿੱਤਾ ਸੀ ਅਤੇ ਪੰਜਾਬ ਦੇ ਸਿਵਲ ਪ੍ਰਸ਼ਾਸਨ ਦਾ ਇਸ ਵਿੱਚ ਕੋਈ ਹੱਥ ਨਹੀਂ ਸੀ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਜੋ ਗੱਲਾਂ ਉਨ੍ਹਾਂ ਨੇ ਅੱਜ ਕਹੀਆਂ ਹਨ, ਉਹ ਜਲਦੀ ਹੀ ਇਸ ਨੂੰ ਕਿਤਾਬੀ ਰੂਪ ਵਿੱਚ ਪੇਸ਼ ਕਰਨਗੇ ਅਤੇ ਉਨ੍ਹਾਂ ਕੋਲ ਜਿਹੜੇ ਸਬੂਤ ਹਨ, ਉਸ ਨੂੰ ਕਿਤਾਬ ਵਿੱਚ ਲਿਖਣਗੇ। ਐੱਸ ਐੱਸ ਧਨੋਆ ਨੇ ਇਹ ਕਿਹਾ ਹੈ ਕਿ ਫੌਜ ਸੱਦਣ ਦਾ ਤਰੀਕਾ ਬਿਲਕੁਲ ਗੈਰ ਕਾਨੂੰਨੀ ਸੀ ਤੇ ਇਸ ਵਿੱਚ ਉਸ ਸਮੇਂ ਦੇ ਮੰਤਰੀ ਅਤੇ ਇੰਦਰਾ ਗਾਂਧੀ ਦੇ ਸਹਿਯੋਗੀ ਅਰੁਣ ਨਹਿਰੂ ਦਾ ਹੱਥ ਸੀ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਓਦੋਂ ਦੀ ਕੇਂਦਰ ਸਰਕਾਰ ਦੇ ਕੋਲ ਅਪਰੇਸ਼ਨ ਬਲਿਊ ਸਟਾਰ ਦੇ ਕਈ ਹੋਰ ਵੀ ਬਦਲ ਹਨ। ਇਸ ਆਪਰੇਸ਼ਨ ਕਰਨ ਦੀ ਕੋਈ ਲੋੜ ਨਹੀਂ ਸੀ, ਹੋਰ ਤਰੀਕੇ ਵਰਤੇ ਜਾ ਸਕਦੇ ਸਨ। ਉਨ੍ਹਾਂ ਕਿਹਾ ਕਿ ਧਨੋਆ ਨੇ ਆਪਣੀ ਕਿਤਾਬ ਵਿੱਚ ਵੀ ਇਸ ਦਾ ਜ਼ਿਕਰ ਕੀਤਾ ਹੈ ਕਿ ਫੌਜ ਕੇਂਦਰ ਦੇ ਕਹਿਣ 'ਤੇ ਆਈ ਸੀ, ਕਿਉਂਕਿ ਓਦੋਂ ਪੰਜਾਬ ਵਿੱਚ ਡਿਸਟਰਬਡ ਏਰੀਆ ਐਕਟ ਲੱਗਾ ਹੋਇਆ ਸੀ ਅਤੇ ਇਸ ਐਕਟ ਹੇਠ ਫੌਜ, ਬੀ ਐੱਸ ਐੱਫ, ਪੁਲਸ ਅਤੇ ਪੈਰਾ ਮਿਲਟਰੀ ਫੋਰਸਿਜ਼ ਨੂੰ ਕਿਸੇ ਦੀ ਜਗ੍ਹਾ ਦੀ ਤਲਾਸ਼ੀ ਲੈਣ ਅਤੇ ਉਥੇ ਦਾਖਲ ਹੋਣ ਦਾ ਪੂਰਾ ਅਧਿਕਾਰ ਸੀ, ਪੰਜਾਬ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਸੀ।

## ਦਵਾਈ ਦੀ ਘਾਟ ਕਾਰਨ ਸਰਕਾਰੀ ਹਸਪਤਾਲ ਵਿੱਚ ਤਿੰਨ ਨਵ-ਜੰਮੇ ਬੱਚਿਆਂ ਦੀ ਮੌਤ

ਅੰਮ੍ਰਿਤਸਰ, 4 ਜੂਨ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਹਸਪਤਾਲ ਵਿੱਚ ਇੱਕ ਮਹਿਲਾ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ, ਪਰ ਉਸ ਦੀ ਇਹ ਖੁਸ਼ੀ ਜ਼ਿਆਦਾ ਦੇਰ ਨਹੀਂ ਰਹੀ। ਦਵਾਈ ਦੀ ਘਾਟ ਕਾਰਨ ਉਸ ਦੇ ਤਿੰਨਾਂ ਬੱਚਿਆਂ ਦੀ ਮੌਤ ਹੋ ਗਈ ਤੇ ਮਹਿਲਾ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜਿਸ ਹਸਪਤਾਲ ਵਿੱਚ ਜਨਨੀ ਸੁਰੱਖਿਆ ਯੋਜਨਾ ਹੇਠ ਮਹਿਲਾ ਦੀ ਫ੍ਰੀ ਡਿਲੀਵਰੀ ਹੋਣੀ ਚਾਹੀਦੀ ਹੈ, ਉਥੇ ਉਸ ਦਾ ਪਤੀ ਸੱਤਰ ਹਜ਼ਾਰ ਰੁਪਏ ਖਰਚ ਚੁੱਕਾ ਹੈ। ਅਸਲ ਵਿੱਚ 23 ਸਾਲਾ ਪੂਜਾ ਨਾਂਅ ਦੀ ਮਹਿਲਾ ਨੂੰ ਕਰੀਬ 10 ਦਿਨ ਪਹਿਲਾਂ ਲੇਬਰ ਪੇਨ ਸ਼ੁਰੂ ਹੋਣ ਉਤੇ ਗੁਰੂ ਨਾਨਕ ਦੇਵ ਹਸਪਤਾਲ ਦੇ ਗਾਇਨੀ ਵਾਰਡ ਵਿੱਚ ਦਾਖਲ ਕਰਾਇਆ ਗਿਆ ਸੀ। ਜੌੜਾ ਫਾਟਕ ਇਲਾਕੇ ਦੀ ਵਸਨੀਕ ਪੂਜਾ ਦੇ ਪਤੀ ਦੀਪਕ ਅਨੁਸਾਰ ਪਿਛਲੇ ਹਫਤੇ ਪੂਜਾ ਨੇ ਇਕੱਠੇ ਤਿੰਨ ਬੱਚਿਆਂ, ਇੱਕ ਬੇਟੀ ਤੇ ਦੋ ਬੇਟਿਆਂ ਨੂੰ ਜਨਮ ਦਿੱਤਾ ਸੀ। ਇਹ ਬੱਚੇ ਸੱਤਵੇਂ ਮਹੀਨੇ ਵਿੱਚ ਪ੍ਰੀਮੇਚਿਓਰ ਹੋਏ ਸਨ। ਅਜਿਹੇ ਵਿੱਚ ਬੱਚਿਆਂ ਨੂੰ ਪੀਡਐਟਰਿਕ ਵਾਰਡ ਦੀ ਮਸ਼ੀਨ ਵਿੱਚ ਰੱਖ ਕੇ ਟ੍ਰੀਟਮੈਂਟ ਦਿੱਤਾ ਜਾਣ ਲੱਗਾ। ਇੱਕ ਬੱਚਾ ਅਗਲੇ ਦਿਨ ਦਮ ਤੋੜ ਗਿਆ, ਬਾਕੀ ਦੋ ਬੱਚੇ ਤਿਨ ਦਿਨ ਬਾਅਦ ਪ੍ਰਾਣ ਤਿਆਗ ਗਏ। ਡਾਕਟਰਾਂ ਦੇ ਅਨੁਸਾਰ ਇੱਕ ਬੱਚੇ ਦੀ ਛਾਤੀ ਵਿੱਚ ਇਨਫੈਕਸ਼ਨ ਸੀ, ਜਦ ਕਿ ਦੋ ਬੱਚਿਆਂ ਦੇ ਪੇਟ ਵਿੱਚ ਸੋਜ਼ਿਸ਼ ਸੀ। ਦੀਪਕ ਦੇ ਅਨੁਸਾਰ ਬੱਚਿਆਂ ਦਾ ਸਹੀ ਇਲਾਜ ਨਹੀਂ ਕੀਤਾ ਗਿਆ। ਹਸਪਤਾਲ ਵਿੱਚ ਦਵਾਈਆਂ ਵੀ ਨਹੀਂ ਮਿਲ ਸਕੀਆਂ, ਜਿਸ ਕਾਰਨ ਉਸ ਦੇ ਬੱਚਿਆਂ ਨੇ ਦਮ ਤੋੜ ਦਿੱਤਾ। ਅੱਗੋਂ ਉਸ ਦੀ ਪਤਨੀ ਜ਼ਿੰਦਗੀ-ਮੌਤ ਨਾਲ ਹਸਪਤਾਲ ਦੇ ਆਈ ਸੀ ਯੂ ਵਿੱਚ ਜੂਝ ਰਹੀ ਹੈ। ਉਹ ਆਪਣੀ ਪਤਨੀ ਦੇ ਇਲਾਜ ਵਿੱਚ ਸੱਤਰ ਹਜ਼ਾਰ ਰੁਪਏ ਖਰਚ ਕਰ ਚੁੱਕਾ ਹੈ।

## ਸਤਲੁਜ ਵਿੱਚ ਪਾਣੀ ਵਧਣ ਨਾਲ ਗੁੱਜਰਾਂ ਦੀਆਂ 81 ਮੱਝਾਂ ਰੁੜ੍ਹੀਆਂ



ਨੰਗਲ, 4 ਜੂਨ (ਪੋਸਟ ਬਿਊਰੋ)- ਨੰਗਲ ਡੈਮ ਤੋਂ ਸਤਲੁਜ ਦਰਿਆ ਵਿੱਚ ਪਾਣੀ ਛੱਡਣ ਨਾਲ ਨੰਗਲ ਸਬ-ਡਵੀਜ਼ਨ ਦੇ ਪਿੰਡ ਕਲੀਤਰਾਂ ਵਿੱਚ ਗੁੱਜਰਾਂ ਦੀਆਂ ਦਰਿਆ ਵਿੱਚ ਬੈਠੀਆਂ ਕਰੀਬ 81 ਮੱਝਾਂ ਰੁੜ੍ਹ ਗਈਆਂ।

ਅਸਲ ਵਿੱਚ ਇਲਾਕੇ ਵਿੱਚ ਪੈ ਰਹੀ ਭਿਆਨਕ ਗਰਮੀ ਕਾਰਨ ਰੋਜ਼ ਵਾਂਗ ਕੱਲ੍ਹ ਵੀ ਉਹ ਮੱਝਾਂ ਨੂੰ ਦਰਿਆ ਵਿੱਚ ਨਹਾਉਣ ਲਈ ਲੈ ਕੇ ਗਏ ਸਨ ਤੇ ਬਹੁਤੀਆਂ ਮੱਝਾਂ ਪਾਣੀ ਵਿੱਚ ਬੈਠੀਆਂ ਸਨ ਕਿ ਅਚਾਨਕ ਪਾਣੀ ਵੱਧ ਆਉਣ ਨਾਲ ਉਹ ਰੁੜ੍ਹ ਗਈਆਂ। ਪਿੰਡ ਦੇ ਸਰਪੰਚ ਭੁਪਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਗਰਮੀਆਂ ਦੇ ਦਿਨਾਂ ਵਿੱਚ ਬਾਹਰੋਂ ਪਾਣੀ ਦੀ ਤਲਾਸ਼ ਵਿੱਚ ਆਏ 3-4 ਗੁੱਜਰ ਪਰਵਾਰਾਂ ਨੇ ਪਿੰਡ ਦੇ ਸ਼ਮਸ਼ਾਨ ਘਾਟ ਦੇ ਨੇੜੇ ਆਪਣੇ ਪਸ਼ੂ ਰੱਖੇ ਸਨ ਕਿਉਂਕਿ ਗਰਮੀਆਂ ਦੇ ਦਿਨਾਂ ਵਿੱਚ ਚਾਰਾ ਤੇ ਪਾਣੀ ਉਨ੍ਹਾਂ ਨੂੰ ਇਨ੍ਹਾਂ ਜਗ੍ਹਾਂ 'ਤੇ ਮਿਲ ਜਾਂਦਾ ਹੈ। ਦਰਿਆ ਵਿੱਚ ਰੁੜ੍ਹੀਆਂ ਮੱਝਾਂ 'ਚੋਂ ਜ਼ਿਆਦਾਤਰ ਦਰਿਆ ਦੇ ਕਿਨਾਰੇ ਮਰੀਆਂ ਮਿਲੀਆਂ ਤੇ ਕਈਆਂ ਦਾ ਪਤਾ ਨਹੀਂ ਲੱਗ ਸਕਿਆ। ਤਹਿਸੀਲਦਾਰ ਨੰਗਲ ਇੰਦਰਦੇਵ ਸਿੰਘ ਨੇ ਕਿਹਾ ਕਿ ਹੁਸ਼ਿਆਰਪੁਰ ਵੱਲੋਂ ਕੁਝ ਪਰਵਾਰ ਗਰਮੀਆਂ ਵਿੱਚ ਸਤਲੁਜ ਦਰਿਆ ਦੇ ਕੰਢੇ ਆਪਣੇ ਪਸ਼ੂ ਲੈ ਕੇ ਆਏ ਸਨ ਅਤੇ ਪਾਣੀ ਵਧਣ ਕਾਰਨ ਇਨ੍ਹਾਂ ਪਰਵਾਰਾਂ ਦੇ ਪਸ਼ੂ ਦਰਿਆ ਵਿੱਚ ਵਹਿ ਗਏ। ਉਨ੍ਹਾਂ ਵੱਲੋਂ ਭੇਜੀ ਗਈ ਟੀਮ ਨੇ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਅਤੇ ਕਰੀਬ 81 ਮੱਝਾਂ ਰੁੜ੍ਹ ਜਾਣ ਦੀ ਸੂਚਨਾ ਹੈ।

**A/Z Drivers Needed/ਡਰਾਈਵਰਾਂ ਦੀ ਲੋੜ**



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

**"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"**

New Drivers Are Also Welcome, We Give Paid Training With Full Time Job

**For Further Information Contact: 6476253344**





## ਮਮਤਾ ਬੈਨਰਜੀ ਨੇ ਵੋਟਿੰਗ ਮਸ਼ੀਨਾਂ ਉੱਤੇ ਫਿਰ ਸਵਾਲ ਚੁੱਕਿਆ

ਕੋਲਕਾਤਾ, 4 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਲੋਕ ਸਭਾ ਚੋਣਾਂ ਦੌਰਾਨ ਵਰਤੀਆਂ ਗਈਆਂ ਵੋਟਿੰਗ ਮਸ਼ੀਨਾਂ (ਈ ਵੀ ਐਮਜ਼) ਉੱਤੇ ਸਵਾਲ ਉਠਾਉਂਦਿਆਂ ਵਿਰਧੀ ਧਿਰਾਂ ਨੂੰ ਸੱਦਾ ਦਿੱਤਾ ਕਿ ਉਹ ਚੋਣਾਂ ਬੈਲੇਟ ਪੇਪਰ ਰਾਹੀਂ ਮੁੜ ਸ਼ੁਰੂ ਕਰਵਾਉਣ ਲਈ ਇਕੱਠੀਆਂ ਹੋਣ।

ਇਸ ਸੰਬੰਧ ਵਿੱਚ ਮਮਤਾ ਬੈਨਰਜੀ ਨੇ ਕਿਹਾ ਕਿ ਈ ਵੀ ਐਮ ਬਾਰੇ ਵੇਰਵੇ ਦੇਣ ਲਈ ਪੜਤਾਲ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਲੋਕ ਸਭਾ ਚੋਣਾਂ 'ਚ ਤ੍ਰਿਣਮੂਲ ਕਾਂਗਰਸ ਦੀ ਕਾਰਗੁਜ਼ਾਰੀ ਦੀ ਸਮੀਖਿਆ ਬਾਰੇ ਪਾਰਟੀ ਵਿਧਾਇਕਾਂ ਤੇ ਸੂਬੇ ਦੇ ਮੰਤਰੀਆਂ ਨਾਲ ਮੀਟਿੰਗ ਪਿੱਛੋਂ ਮਮਤਾ ਬੈਨਰਜੀ ਨੇ ਕਿਹਾ, 'ਅਸੀਂ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ। ਅਸੀਂ ਮਸ਼ੀਨਾਂ ਨਹੀਂ ਚਾਹੁੰਦੇ। ਅਸੀਂ ਬੈਲੇਟ ਪੇਪਰ ਵਾਲਾ ਪ੍ਰਬੰਧ ਵਾਪਸ ਚਾਹੁੰਦੇ ਹਾਂ। ਅਸੀਂ ਇਸ ਸਬੰਧੀ ਮੁਹਿੰਮ ਸ਼ੁਰੂ ਕਰਾਂਗੇ ਤੇ ਇਹ ਬੰਗਾਲ ਤੋਂ ਸ਼ੁਰੂ ਕੀਤੀ ਜਾਵੇਗੀ।' ਉਨ੍ਹਾਂ ਕਿਹਾ ਕਿ ਉਹ ਸਾਰੀਆਂ 23 ਵਿਰੋਧੀ ਪਾਰਟੀਆਂ ਨੂੰ ਸੱਦਾ ਦੇਵੇਗੀ ਕਿ ਉਹ ਇਕੱਠੀਆਂ ਹੋ ਕੇ ਬੈਲੇਟ ਪੇਪਰ ਪ੍ਰਬੰਧ ਮੁੜ ਤੋਂ ਲਿਆਉਣ ਦੀ ਮੰਗ ਕਰਨ। ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਦੇਸ਼ ਵਿੱਚ ਵੋਟ ਮਸ਼ੀਨਾਂ ਉੱਤੇ ਪਾਬੰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਲੋਕ ਸਭਾ ਚੋਣਾਂ ਜਿੱਤਣ ਲਈ ਪੈਸਾ, ਤਾਕਤ, ਮੀਡੀਆ ਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੀ ਹੈ।

# ਯੂ ਪੀ ਏ ਸਰਕਾਰ ਵੇਲੇ ਜਹਾਜ਼ ਖ਼ਰੀਦ ਵਿੱਚ ਹੋਇਆ ਸੀ 1000 ਕਰੋੜ ਤੋਂ ਵੱਡਾ ਘੁਟਾਲਾ

ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਯੂ ਪੀ ਏ ਸਰਕਾਰ ਦੌਰਾਨ ਹੋਈ ਏਅਰਬੱਸ ਜਹਾਜ਼ ਖ਼ਰੀਦ ਵਿੱਚ 1000 ਕਰੋੜ ਰੁਪਏ ਤੋਂ ਵੱਧ ਦਾ ਘੁਟਾਲਾ ਹੋਇਆ ਸੀ। ਇਸ ਲਈ ਓਦੋਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸੁਰੱਖਿਆ ਨਾਲ ਸਬੰਧਿਤ ਮੰਤਰੀ ਮੰਡਲ ਕਮੇਟੀ (ਸੀ ਸੀ ਐੱਸ) ਦਾ ਫ਼ੈਸਲਾ ਵੀ ਬਦਲ ਦਿੱਤਾ ਗਿਆ। ਘੁਟਾਲੇ ਦੇ ਸਭ ਸਬੂਤਾਂ ਨਾਲ ਲੈਸ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪੁੱਛਗਿੱਛ ਲਈ ਉਸ ਵੇਲੇ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੂੰ ਸੰਮਨ ਭੇਜਿਆ ਹੈ। ਪਟੇਲ ਤੋਂ ਵੀਰਵਾਰ ਦਿੱਲੀ ਵਿੱਚ ਪੁੱਛਗਿੱਛ ਹੋਵੇਗੀ।



ਈ ਡੀ ਕੋਲ ਮੌਜੂਦ ਦਸਤਾਵੇਜ਼ਾਂ ਅਨੁਸਾਰ 2006 ਵਿੱਚ ਸੀ ਸੀ ਐੱਸ ਨੇ ਏਅਰਬੱਸ ਤੋਂ 43 ਜਹਾਜ਼ਾਂ ਦੀ ਖ਼ਰੀਦ ਨੂੰ ਹਰੀ ਝੰਡੀ ਦਿੱਤੀ ਤੇ ਇਹ ਤੈਅ ਕੀਤਾ ਸੀ ਕਿ ਕਿੰਨੀ ਕੀਮਤ ਉੱਤੇ ਇਹ ਜਹਾਜ਼ ਖ਼ਰੀਦੇ ਜਾਣਗੇ। ਇਸ ਦੇ ਨਾਲ ਇਹ ਸ਼ਰਤ ਲਾਈ ਸੀ ਕਿ ਏਅਰਬੱਸ ਨੂੰ 17.5 ਕਰੋੜ ਡਾਲਰ ਦੀ ਲਾਗਤ ਨਾਲ ਭਾਰਤ ਵਿਚ ਟਰੇਨਿੰਗ, ਮੇਨਟੀਨੈਂਸ, ਰਿਪੇਅਰ ਤੇ ਓਵਰਹਾਲਿੰਗ ਦੀ ਸਹੂਲਤ ਦੇਣੀ ਪਵੇਗੀ ਤਾਂ ਜੋ ਪਾਇਲਟਾਂ ਦੀ ਸਿਖਲਾਈ ਤੋਂ ਜਹਾਜ਼ਾਂ ਦੀ ਸੰਭਾਲ ਤੱਕ ਦਾ ਵਾਧੂ ਬੋਝ ਨਾ ਪਵੇ। ਸੀ ਸੀ ਐੱਸ ਦੀ ਹਰੀ ਝੰਡੀ ਮਿਲਦੇ ਸਾਰ ਏਅਰ ਇੰਡੀਆ ਨੇ ਏਅਰਬੱਸ ਤੋਂ 43 ਜਹਾਜ਼ ਖ਼ਰੀਦਣ ਦਾ ਫ਼ੈਸਲਾ ਕੀਤਾ ਤਾਂ ਸਮਝੌਤੇ ਉੱਤੇ ਦਸਤਖ਼ਤ ਹੋ ਗਏ, ਜਿਸ ਵਿੱਚ ਜਹਾਜ਼ ਦੀ ਕੀਮਤ ਉਹੀ ਰੱਖੀ ਸੀ, ਪਰ ਟਰੇਨਿੰਗ, ਮੇਨਟੀਨੈਂਸ, ਰਿਪੇਅਰ ਤੇ ਓਵਰਹਾਲ ਦੀ ਸਹੂਲਤ ਲਈ ਭਾਰਤ ਵਿਚ 1000 ਕਰੋੜ ਰੁਪਏ ਦੇ ਨਿਵੇਸ਼ ਦੀ ਸ਼ਰਤ ਹਟਾ ਦਿੱਤੀ। ਇਸ ਤਰ੍ਹਾਂ ਏਅਰਬੱਸ ਨੂੰ ਸਿੱਧਾ 1000 ਕਰੋੜ ਰੁਪਏ ਦਾ ਲਾਭ ਪੁਚਾਇਆ ਗਿਆ।

ਇਹੀ ਨਹੀਂ, ਸੀ ਸੀ ਐੱਸ ਦੀ ਸ਼ਰਤ ਹਟਾਉਣ ਨਾਲ ਸਮਝੌਤੇ ਦੀ ਵਿਵਸਥਾ-16 ਹੇਠ ਨਵੀਂ ਸ਼ਰਤ ਜੋੜੀ ਗਈ, ਜਿਸ ਅਨੁਸਾਰ ਨਵੇਂ ਜਹਾਜ਼ ਉਡਾਉਣ ਅਤੇ ਹੋਰ ਸਿਖਲਾਈ ਲਈ ਏਅਰ ਇੰਡੀਆ ਨੂੰ ਆਪਣੇ ਪਾਇਲਟਾਂ ਅਤੇ ਸਟਾਫ ਨੂੰ ਫਰਾਂਸ ਦੇ ਬਲਨੈਕ, ਜਰਮਨੀ ਦੇ ਹੈਮਬਰਗ, ਅਮਰੀਕਾ ਦੇ ਮਿਆਮੀ ਜਾਂ ਚੀਨ ਦੇ ਬੀਜਿੰਗ ਦੇ ਏਅਰਬੱਸ ਦੇ ਟਰੇਨਿੰਗ ਸੈਂਟਰ ਵਿੱਚ ਭੇਜਣਾ ਪੈਣਾ ਸੀ। ਇਸ ਵਿਚ ਇਹ ਜੋੜਿਆ ਗਿਆ ਕਿ ਟਰੇਨਿੰਗ ਲਈ ਆਪਣੇ ਸਟਾਫ ਦੇ ਆਉਣ-ਜਾਣ ਤੋਂ ਰਹਿਣ, ਖਾਣ-ਪੀਣ ਤਕ ਸਭ ਖ਼ਰਚ ਏਅਰ ਇੰਡੀਆ ਦੇਵੇਗਾ ਤੇ ਟਰੇਨਿੰਗ ਵੇਲੇ ਏਅਰਬੱਸ ਦੇ ਟਰੇਨਰਾਂ, ਟਰੇਨਿੰਗ ਲਈ ਲੋੜੀਂਦੇ ਸਾਜ਼ੋ-ਸਾਮਾਨ ਸਣੇ ਸਾਰਾ ਖ਼ਰਚ ਏਅਰ ਇੰਡੀਆ ਝੱਲੇਗਾ। ਇਸ ਤਰ੍ਹਾਂ ਸੀ ਸੀ ਐੱਸ ਦੀ ਸ਼ਰਤ ਹਟਣ ਨਾਲ ਜਿੱਥੇ ਏਅਰਬੱਸ ਭਾਰਤ ਵਿੱਚ 1000 ਕਰੋੜ ਰੁਪਏ ਦਾ ਨਿਵੇਸ਼ ਹੋਣ ਤੋਂ ਰਹਿ ਗਿਆ, ਓਥੇ ਏਅਰ ਇੰਡਆ ਨੂੰ ਪਾਇਲਟਾਂ ਅਤੇ ਸਟਾਫ ਦੀ ਵਿਦੇਸ਼ ਵਿਚ ਟਰੇਨਿੰਗ ਦਾ ਵਾਧੂ ਭਾਰ ਚੁੱਕਣਾ ਪੈ ਗਿਆ।

ਈ ਡੀ ਦੇ ਇਕ ਅਧਿਕਾਰੀ ਮੁਤਾਬਕ ਸੀ ਸੀ ਐੱਸ ਦੇ ਫ਼ੈਸਲੇ ਦੀ ਉਲੰਘਣਾ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਪਰ ਏਅਰਬੱਸ ਤੋਂ ਜਹਾਜ਼ ਖ਼ਰੀਦ ਵਿਚ ਇਹ ਹੋਇਆ। ਹੈਰਾਨੀ ਦੀ ਗੱਲ ਹੈ ਕਿ ਯੂ ਪੀ ਏ ਸਰਕਾਰ ਵਿੱਚ ਇਸ ਨੂੰ ਨਾ ਸਿਰਫ਼ ਆਸਾਨੀ ਨਾਲ ਹੋਣ ਦਿੱਤਾ ਗਿਆ, ਸਗੋਂ ਕਿਸੇ ਨੇ ਸਵਾਲ ਵੀ ਨਾ ਉਠਾਇਆ। ਉਸ ਵੇਲੇ ਦੇ ਹਵਾਬਾਜ਼ੀ ਸਕੱਤਰ ਤੇ ਹੋਰ ਅਧਿਕਾਰੀਆਂ ਤੋਂ ਪੁੱਛਗਿੱਛ ਵਿਚ ਇਸ ਦਾ ਜਵਾਬ ਨਹੀਂ ਮਿਲਿਆ ਕਿ ਸੀ ਸੀ ਐੱਸ ਦੀ ਸ਼ਰਤ ਸਮਝੌਤੇ ਤੋਂ ਹਟਾ ਕੇ ਨਵੀਂ ਸ਼ਰਤ ਕਿਉਂ ਪਾਈ ਸੀ। ਓਦੋਂ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੂੰ ਇਸ ਦਾ ਜਵਾਬ ਦੇਣਾ ਪਵੇਗਾ।

# ਹਰਿਆਣਾ ਸਰਕਾਰ ਫਰਲੋ ਵਾਲੇ 176 ਡਾਕਟਰਾਂ ਦੀ ਛੁੱਟੀ ਕਰੇਗੀ

ਚੰਡੀਗੜ੍ਹ, 4 ਜੂਨ (ਪੋਸਟ ਬਿਊਰੋ)- ਹਰਿਆਣਾ ਦੇ ਹਸਪਤਾਲਾਂ ਵਿੱਚ ਸੇਵਾਵਾਂ ਦਿੰਦੇ ਫਰਲੋ ਕਰਨ ਵਾਲੇ 176 ਡਾਕਟਰਾਂ ਦੀ ਛੁੱਟੀ ਕਰਨ ਦੀ ਸਿਫਾਰਸ਼ ਡੀ ਜੀ ਹੈਲਥ ਸਰਵਿਸੇਸ ਨੇ ਸਰਕਾਰ ਨੂੰ ਕੀਤੀ ਹੈ।



ਰੇਵਾੜੀ ਦੇ ਚੀਫ ਮੈਡੀਕਲ ਅਫਸਰ ਨੇ ਹਾਈ ਕੋਰਟ ਵਿੱਚ ਪੈਂਡਿੰਗ ਪਟੀਸ਼ਨ 'ਤੇ ਸੁਣਵਾਈ ਦੌਰਾਨ ਐਫੀਡੇਵਿਟ ਦੇ ਰਾਹੀਂ ਇਹ ਸੂਚਨਾ ਦਿੱਤੀ ਹੈ। ਇਸ ਕੇਸ ਦੀ ਪਟੀਸ਼ਨ ਦਾਖਲ ਕਰ ਕੇ ਵਿਨੀਤ ਜਾਖੜ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਸਰਕਾਰੀ ਹਸਪਤਾਲ ਦੇ ਡਾਕਟਰ ਆਪਣੀ ਡਿਊਟੀ ਤੋਂ ਗਾਇਬ ਰਹਿੰਦੇ ਹਨ ਤੇ ਕੁਝ ਹੋਰ ਪ੍ਰਾਈਵੇਟ ਹਸਪਤਾਲਾਂ ਵਿੱਚ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਨੇ ਰੇਵਾੜੀ ਦੇ 20 ਅਜਿਹੇ ਡਾਕਟਰਾਂ ਦੀ ਸੂਚੀ ਹਾਈ ਕੋਰਟ ਨੂੰ ਸੌਂਪੀ ਤਾਂ ਹਾਈ ਕੋਰਟ ਨੇ ਸਖਤ ਰੁਖ਼ ਅਪਣਾਉਂਦੇ ਹੋਏ ਹਰਿਆਣਾ ਸਰਕਾਰ ਅਤੇ ਰੇਵਾੜੀ ਦੇ ਚੀਫ ਮੈਡੀਕਲ ਅਫਸਰ ਤੋਂ ਜਵਾਬ ਮੰਗਿਆ ਸੀ। ਆਪਣੇ ਜਵਾਬ ਵਿੱਚ ਸੀ ਐਮ ਓ ਨੇ ਕਿਹਾ ਕਿ ਰੇਵਾੜੀ ਵਿੱਚ ਸਿਹਤ ਸੁਵਿਧਾਵਾਂ ਲੋਕਾਂ ਨੂੰ ਨਹੀਂ ਮਿਲਦੀਆਂ, ਇਹ ਗੱਲ ਗਲਤ ਹੈ। ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ ਰੇਵਾੜੀ ਵਿੱਚ ਕਰੀਬ ਸਵਾ ਲੱਖ ਲੋਕਾਂ ਦਾ ਇਲਾਜ ਕੀਤਾ ਗਿਆ ਹੈ। ਇਸ ਦੇ ਨਾਲ ਇਹ ਵੀ ਦੱਸਿਆ ਗਿਆ ਕਿ ਜਿਨ੍ਹਾਂ 20 ਡਾਕਟਰਾਂ ਦੀ ਸੂਚੀ ਸੌਂਪੀ ਗਈ ਹੈ, ਉਨ੍ਹਾਂ ਸਾਰਿਆਂ ਖਿਲਾਫ ਐਕਸ਼ਨ ਲੈਣ ਲਈ ਸਰਕਾਰ ਨੂੰ ਲਿਖ ਦਿੱਤਾ ਗਿਆ ਹੈ ਅਤੇ ਐਕਸ਼ਨ ਲੈਣ ਦੀ ਕਾਰਵਾਈ ਦੇ ਦੌਰਾਨ ਵੱਡੀ ਗਿਣਤੀ ਵਿੱਚ ਡਾਕਟਰਾਂ ਨੇ ਆਪਣੇ ਅਸਤੀਫੇ ਸੌਂਪੇ ਹਨ ਅਤੇ ਜਿਨ੍ਹਾਂ ਨੇ ਪ੍ਰਕਿਰਿਆ ਮੁਤਾਬਕ ਅਸਤੀਫਾ ਦਿੱਤਾ ਹੈ, ਉਨ੍ਹਾਂ ਦੇ ਅਸਤੀਫੇ ਮਨਜ਼ੂਰ ਕਰਨ ਦਾ ਫੈਸਲਾ ਲਿਆ ਗਿਆ ਹੈ।

# ਕੋਰਟ ਨੇ ਆਦੀ ਕੁਕਰਮੀਆਂ ਲਈ ਫਾਂਸੀ ਦੀ ਸਜ਼ਾ ਸਹੀ ਆਖੀ

ਮੁੰਬਈ, 4 ਜੂਨ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਕੱਲ੍ਹ ਇੰਡੀਨ ਪੀਨਲ ਕੋਡ (ਆਈ ਪੀ ਸੀ) ਦੀ ਸੋਧੀ ਹੋਈ ਧਾਰਾ 376 (ਈ) ਦੀ ਸੰਵਿਧਾਨਕਤਾ ਨੂੰ ਸਹੀ ਠਹਿਰਾਇਆ ਹੈ, ਜਿਸ ਨਾਲ ਵਾਰ-ਵਾਰ ਬਲਾਤਕਾਰ ਕਰਨ ਵਾਲਿਆਂ (ਆਦੀ ਕੁਕਰਮੀਆਂ) ਨੂੰ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਮਿਲ ਸਕਦੀ ਹੈ। 2012 ਵਿੱਚ ਨਿਰਭਯਾ ਗੈਂਗਰੇਪ ਮਾਮਲੇ ਦੇ ਬਾਅਦ ਆਈ ਪੀ ਸੀ ਦੀ ਇਸ ਧਾਰਾ ਵਿੱਚ ਸੋਧ ਕੀਤੀ ਗਈ ਸੀ।



ਜਸਟਿਸ ਬੀ ਪੀ ਧਰਮਾਧਿਕਾਰੀ ਅਤੇ ਜਸਟਿਸ ਰੇਵਤੀ ਮੋਹਿਤੇ ਡੇਰੇ ਦੀ ਬੈਂਚ ਨੇ 2013 ਦੇ ਸਨਸਨੀਖੇਜ ਸ਼ਕਤੀ ਮਿਲ ਗੈਂਗਰੇਪ ਕੇਸ ਦੇ ਤਿੰਨ ਦੋਸ਼ੀਆਂ ਦੀ ਅਰਜ਼ੀ ਰੱਦ ਕਰ ਦਿੱਤੀ। ਤਿੰਨਾਂ ਨੇ ਧਾਰਾ 376 (ਈ) ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੱਤੀ ਸੀ, ਜਿਸ ਹੇਠ 2014 ਵਿੱਚ ਸੈਸ਼ਨ ਕੋਰਟ ਨੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਸੈਂਟਰਲ ਮੁੰਬਈ ਦੀ ਬੰਦ ਪਈ ਸ਼ਕਤੀ ਮਿਲ ਵਿੱਚ ਤਿੰਨੇ ਵਿਜੇ ਜਾਧਵ, ਕਾਸਿਮ ਬੰਗਾਲੀ ਅਤੇ ਸਲੀਮ ਅੰਸਾਰੀ ਨੇ 22 ਅਗਸਤ 2012 ਨੂੰ 22 ਸਾਲਾ ਫੋਟੋ ਪੱਤਰਕ-ਾਰ ਨਾਲ ਗੈਂਗਰੇਪ ਕੀਤਾ ਸੀ ਤੇ 31 ਜੁਲਾਈ 2013 ਨੂੰ ਇਸੇ ਮਿਲ ਵਿੱਚ ਤਿੰਨਾਂ ਨੇ 18 ਸਾਲ ਦੀ ਇੱਕ ਟੈਲੀਫੋਨ ਆਪਰੇਟਰ ਨਾਲ ਗੈਂਗਰੇਪ ਕੀਤਾ ਸੀ। ਇਨ੍ਹਾਂ ਤਿੰਨਾਂ ਦੇ ਨਾਲ ਇਸ ਕੇਸ ਵਿੱਚ ਅਦਾਲਤ ਨੇ ਸਿਰਾਜ ਖਾਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਨਾਬਾਲਗ ਨੂੰ ਸੁਧਾਰ ਗ੍ਰਹਿ ਵਿੱਚ ਭੇਜਿਆ ਸੀ। ਬੈਂਚ ਨੇ ਕਿਹਾ, ਸਾਡਾ ਮੰਨਣਾ ਹੈ ਕਿ ਆਈ ਪੀ ਸੀ ਦੀ ਧਾਰਾ 376 (ਈ) ਨਾਲ ਸੰਵਿਧਾਨ ਦੀ ਉਲੰਘਣਾ ਨਹੀਂ ਹੁੰਦੀ ਤੇ ਇਸ ਲਈ ਇਸ ਮਾਮਲੇ ਵਿੱਚ ਇਸ ਨੂੰ ਹਟਾਉਣ ਦੀ ਜ਼ਰੂਰਤ ਨਹੀਂ। ਕੇਂਦਰ ਸਰਕਾਰ ਵੱਲੋਂ ਵਧੀਕ ਸਾਲੀਸਿਟਰ ਜਨਰਲ ਅਨਿਲ ਸਿੰਘ ਨੇ ਅਦਾਲਤ ਨੂੰ ਕਿਹਾ ਕਿ ਕਾਫੀ ਵਿਚਾਰ-ਵਟਾਂਦਰੇ ਦੇ ਬਾਅਦ ਕਾਨੂੰਨ ਵਿੱਚ ਸੋਧ ਕੀਤੀ ਗਈ ਸੀ ਅਤੇ ਅਪਰਾਧਕ ਕਾਨੂੰਨ ਸੋਧ ਐਕਟ 2013 ਦੇ ਜ਼ਰੀਏ ਪੇਸ਼ ਕੋਈ ਵੀ ਨਿਯਮ ਅਸੰਵਿਧਾਨਕ ਨਹੀਂ ਸੀ। ਬੈਂਚ ਦੇ ਇਸ ਫੈਸਲੇ ਨਾਲ ਹਾਈ ਕੋਰਟ ਦੀ ਦੂਸਰੀ ਬੈਂਚ ਦੇ ਸਾਹਮਣੇ ਦੋਸ਼ੀਆਂ ਦੀ ਦੂਸਰੀ ਪਟੀਸ਼ਨ 'ਤੇ ਸੁਣਵਾਈ ਹੋਵੇਗੀ। ਇਸ ਪਟੀਸ਼ਨ ਵਿੱਚ ਤਿੰਨੇ ਕੋਰਟ ਦੇ ਫਾਂਸੀ ਦੀ ਸਜ਼ਾ ਦੇਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ।

# ਸਿਗਰਟ ਦਾ ਧੂੰਆਂ ਬਾਂਝਪਣ ਦਾ ਕਾਰਨ ਬਣ ਰਿਹੈ

ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਸਿਗਰਟਨੋਸ਼ੀ ਨਾ ਸਿਰਫ ਫੇਫੜਿਆਂ ਦਾ ਨੁਕਸਾਨ ਕਰਦੀ ਹੈ, ਦਿਲ, ਗੁਰਦੇ ਅਤੇ ਸ਼ੁਕਰਾਣੂਆਂ ਨੂੰ ਨੁਕਸਾਨ ਕਰ ਕੇ ਪੁਰਸ਼ਾਂ ਅਤੇ ਔਰਤਾਂ ਦੇ ਬਾਂਝਪਣ ਦਾ ਕਾਰਨ ਬਣ ਸਕਦੀ ਹੈ।

ਦਿੱਲੀ ਦੇ ਇੰਦਰਾ ਆਈ ਵੀ ਐਫ ਹਸਪਤਾਲ ਦੀ ਔਰਤ ਰੋਗਾਂ ਦੀ ਮਾਹਰ ਅਤੇ ਆਈ ਵੀ ਐੱਫ ਸਪੈਸ਼ਲਿਸਟ ਡਾਕਟਰ ਸਾਗਰਿਕਾ ਅਗਰਵਾਲ ਦਾ ਕਹਿਣਾ ਹੈ ਕਿ ਸਿਗਰਟਨੋਸ਼ੀ ਔਰਤਾਂ 'ਚ ਬਾਂਝਪਣ ਦੀ ਸੰਭਾਵਨਾ ਨੂੰ 60 ਫੀਸਦੀ ਤੱਕ ਵਧਾ ਸਕਦੀ ਹੈ। ਸਿਗਰਟਨੋਸ਼ੀ ਦਾ ਐਕਟੋਪਿਕ ਗਰਭ ਅਵਸਥਾ ਨਾਲ ਸੰਬੰਧ ਹੋ ਸਕਦਾ ਹੈ ਅਤੇ ਇਸ ਦੇ ਕਾਰਨ ਫੈਲੋਪੀਅਨ ਟਿਊਬਾਂ ਵਿੱਚ ਸਮੱਸਿਆ ਆ ਸਕਦੀ ਹੈ। ਐਕਟੋਪਿਕ ਗਰਭ ਅਵਸਥਾ ਵਿੱਚ ਆਂਡੇ ਬੱਚੇਦਾਨੀ ਤੱਕ ਨਹੀਂ ਪੁੱਜਦੇ ਅਤੇ ਇਸ ਦੀ ਥਾਂ ਫੈਲੋਪੀਅਨ ਟਿਊਬ ਦੇ ਅੰਦਰ ਖਤਮ ਹੋ ਜਾਂਦੇ ਹਨ। ਇਸ ਕਾਰਨ ਬੱਚੇਦਾਨੀ 'ਚ ਤਬਦੀਲੀ ਆ ਸਕਦੀ ਹੈ ਜਿਸ ਕਾਰਨ ਬੱਚੇਦਾਨੀ ਦੇ ਕੈਂਸਰ ਦਾ ਖਤਰਾ ਵਧ ਜਾਂਦਾ ਹੈ। ਸਿਗਰਟ 'ਚ ਮੌਜੂਦ ਰਸਾਇਣ ਅੰਡੇਦਾਨੀ ਦੇ ਅੰਦਰ ਐਂਟੀ-ਆਕਸੀਡੈਂਟ ਪੱਧਰ 'ਚ ਅਸੰਤੁਲਨ ਪੈਦਾ ਕਰ ਸਕਦੇ ਹਨ। ਇਹ ਅਸੰਤੁਲਨ ਨਿਸ਼ੇਚਨ ਨੂੰ ਪ੍ਰਭਾਵਤ ਕਰ ਸਕਦਾ ਹੈ ਤੇ ਸਪੱਸ਼ਟ ਹੈ ਕਿ ਇਸ ਤੋਂ ਬਾਅਦ ਇੰਪਲਾਂਟੇਸ਼ਨ ਵਿੱਚ ਕਮੀ ਆਵੇਗੀ। ਗਰਭ ਦੌਰਾਨ ਸਿਗਰਟਨੋਸ਼ੀ ਕਰਨ ਨਾਲ ਗਰਭ ਵਿੱਚ ਪਲਦੇ ਬੱਚੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਇਥੋਂ ਤੱਕ ਕਿ ਸਿਗਰਟਨੋਸ਼ੀ ਕਰਨ ਵਾਲੀਆਂ ਔਰਤਾਂ 'ਚ ਸਮੇਂ ਤੋਂ ਪਹਿਲਾਂ ਜਣੇਪਾਂ ਪੀੜਾਂ ਹੋ ਸਕਦੀਆਂ ਹਨ ਅਤੇ ਸਿਹਤ ਸਮੱਸਿਆਵਾਂ ਤੋਂ ਪੀੜਤ ਬੱਚਿਆਂ ਨੂੰ ਜਨਮ ਦੇ ਸਕਦੀਆਂ ਹਨ। ਸਿਗਰਟਨੋਸ਼ੀ ਕਰਨ ਵਾਲੀ ਆਈ ਵੀ ਐਫ ਰੋਗੀਆਂ 'ਚ ਸਿਗਰਟਨੋਸ਼ੀ ਨਾ ਕਰਨ ਵਾਲੀਆਂ ਔਰਤਾਂ ਦੇ ਮੁਕਾਬਲੇ ਗਰਭ ਅਵਸਥਾ ਦਰ 30 ਫੀਸਦੀ ਤੋਂ ਘੱਟ ਹੁੰਦੀ ਹੈ।

ਡਾਕਟਰ ਸਾਗਰਿਕਾ ਅਗਰਵਾਲ ਦਾ ਕਹਿਣਾ ਹੈ ਕਿ ਇੱਕ ਦਿਨ ਵਿੱਚ ਪੰਜ ਤੋਂ ਜ਼ਿਆਦਾ ਸਿਗਰਟ ਪੀਣ ਨਾਲ ਗਰਭ ਧਾਰਨ ਦੀ ਸਮਰੱਥਾ ਨੂੰ ਕਾਫੀ ਨੁਕਸਾਨ ਹੋ ਸਕਦਾ ਹੈ। ਤੰਬਾਕੂ ਦਾ ਅਸਰ ਪੁਰਸ਼ ਪ੍ਰਜਨਣ ਸਮਰੱਥਾ 'ਤੇ ਭਾਰੀ ਮਾਤ੍ਰਾ ਪ੍ਰਭਾਵ ਪਾਉਂਦਾ ਹੈ। ਇਹ ਖ਼ੂਨ ਵਾਲੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦਾ ਤੇ ਖ਼ੂਨ ਪ੍ਰਵਾਹ ਨੂੰ ਪ੍ਰਭਾਵਤ ਕਰਦਾ ਹੈ। ਕੁਝ ਅਧਿਐਨਾਂ ਵਿੱਚ ਸਿਗਰਟਨੋਸ਼ੀ ਦੇ ਪ੍ਰਭਾਵ ਦਾ ਇਰੈਕਟਾਇਲ ਡਿਸਫੰਕਸ਼ਨ ਅਤੇ ਸੈਕਸੁਅਲ ਪ੍ਰਫਾਰਮੈਂਸ 'ਚ ਕਮੀ ਨਾਲ ਵੀ ਸੰਬੰਧ ਪਾਇਆ ਗਿਆ ਹੈ।

## ਜਸਟਿਸ ਪਟਨਾਇਕ ਨੇ ਚੀਫ ਜਸਟਿਸ ਵਿਰੁੱਧ ਸਾਜ਼ਿਸ ਬਾਰੇ ਜਾਂਚ ਏਜੰਸੀਆਂ ਤੋਂ ਹੋਰ ਜਾਣਕਾਰੀ ਮੰਗੀ

ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਚੀਫ ਜਸਟਿਸ ਰੰਜਨ ਗੋਗੋਈ ਦੇ ਖਿਲਾਫ ਲੱਗੇ ਦੋਸ਼ਾਂ ਦੇ ਮਾਮਲੇ 'ਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਏ ਕੇ ਪਟਨਾਇਕ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਨੇ ਸੀ ਬੀ ਆਈ, ਇੰਟੈਲੀਜੈਂਸ ਬਿਊਰੋ ਅਤੇ ਦਿੱਲੀ ਪੁਲਸ ਤੋਂ ਕੁਝ ਹੋਰ ਜਾਣਕਾਰੀ ਮੰਗੀ ਹੈ। ਵਰਨਣ ਯੋਗ ਹੈ ਕਿ ਇੱਕ ਵਕੀਲ ਵੱਲੋਂ ਵੱਡੀ ਸਾਜ਼ਿਸ਼ ਦਾ ਦਾਅਵਾ ਕੀਤੇ ਜਾਣ ਪਿੱਛੋਂ ਸੁਪਰੀਮ ਕੋਰਟ ਨੇ ਸੰਗੀਨ ਦੋਸ਼ਾਂ ਦੀ ਜਾਂਚ ਲਈ ਜਸਟਿਸ ਪਟਨਾਇਕ ਨੂੰ ਨਿਯੁਕਤ ਕੀਤਾ ਸੀ। ਜਸਟਿਸ ਪਟਨਾਇਕ ਨੇ ਖਬਰ ਏਜੰਸੀ ਨਾਲ ਕੱਟਕ ਤੋਂ ਫੋਨ ਉਪਰ ਗੱਲਬਾਤ ਕਰਦਿਆਂ ਦੱਸਿਆ ਕਿ ਜਾਂਚ 'ਚ ਕੁਝ ਹੋਰ ਸਮਾਂ ਲੱਗੇਗਾ ਕਿਉਂਕਿ ਉਨ੍ਹਾਂ ਸੱਚ ਦਾ ਪਤਾ ਲਾਉਣ ਲਈ ਕੁਝ ਹੋਰ ਦਸਤਾਵੇਜ਼ ਮੰਗੇ ਹਨ। ਜੁਲਾਈ ਤੱਕ ਰਿਪੋਰਟ ਜਮ੍ਹਾਂ ਕਰਾਉਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਜਸਟਿਸ ਪਟਨਾਇਕ ਨੇ ਕਿਹਾ ਕਿ ਪਹਿਲਾਂ ਮਿਲੇ ਦਸਤਾਵੇਜ਼ ਉਨ੍ਹਾਂ ਘੋਖ ਲਏ ਹਨ, ਪਰ ਹੋਰ ਸਬੂਤਾਂ ਲਈ ਅਜੇ ਹੋਰ ਦਸਤਾਵੇਜ਼ ਦੇਖਣ ਦੀ ਲੋੜ ਹੈ। ਜਸਟਿਸ ਪਟਨਾਇਕ ਨੇ ਕਿਹਾ ਕਿ ਉਹ ਛੁੱਟੀ 'ਤੇ ਆਪਣੇ ਨਗਰ ਆਏ ਹੋਏ ਹਨ ਅਤੇ ਜੁਲਾਈ 'ਚ ਦਿੱਲੀ ਪਰਤ ਕੇ ਜਾਂਚ ਦਾ ਕੰਮ ਮੁੜ ਸ਼ੁਰੂ ਕਰਨਗੇ। ਸੀਨੀਅਰ ਜੱਜ ਜਸਟਿਸ ਐਸ ਏ ਬੋਬੜੇ, ਜਸਟਿਸ ਇੰਦੂ ਮਲਹੋਤਰਾ ਅਤੇ ਇੰਦਰਾ ਬੈਨਰਜੀ ਨੇ ਛੇ ਮਈ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਕਲੀਨ ਚਿੱਟ ਦੇ ਦਿੱਤੀ ਸੀ, ਪਰ ਇੱਕ ਵਕੀਲ ਨੇ ਚੀਫ ਜਸਟਿਸ ਦੇ ਵਿਰੁੱਧ ਸਾਜ਼ਿਸ਼ ਦਾ ਦਾਅਵਾ ਕੀਤਾ ਸੀ।

# ਉਧਾਰ ਮੋੜਨ ਲਈ ਘਰ ਸੱਦ ਕੇ ਅਸ਼ਲੀਲ ਵੀਡੀਓ ਬਣਾ ਕੇ ਪੰਜ ਲੱਖ ਮੰਗੇ

ਪਲਵਲ, 4 ਜੂਨ (ਪੋਸਟ ਬਿਊਰੋ)- ਸਿਟੀ ਥਾਣਾ ਪੁਲਸ ਨੇ ਹਨੀਟ੍ਰੈਪ ਕੇਸ ਦਾ ਖੁਲਾਸਾ ਕਰਦੇ ਹੋਏ ਇੱਕ ਔਰਤ ਨੂੰ ਇੱਕ ਵਿਅਕਤੀ ਤੋਂ ਬਲੈਕਮੇਲ ਦੀ ਰਕਮ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਅਤੇ ਦੋਸ਼ੀ ਔਰਤ ਅਤੇ ਉਸ ਦਾ ਸਾਥ ਦੇਣ ਵਾਲੀ ਉਸ ਦੀ ਭੈਣ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗ੍ਰਿਫਤਾਰ ਮਹਿਲਾ ਨੂੰ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ ਨਿਆਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ। ਜਾਂਚ ਅਧਿਕਾਰੀ ਐੱਸ ਆਈ ਜਗਦੀਸ਼ ਨੇ ਦੱਸਿਆ ਕਿ ਇੱਕ ਜੂਨ ਨੂੰ ਪੀੜਤ ਵਿਅਕਤੀ ਨੇ ਸ਼ਿਕਾਇਤ ਦਰਜ ਕਰਾਈ ਕਿ ਕੇ ਐੱਮ ਪੀ ਮਾਰਗ ਨੇੜੇ ਖੇਤਾਂ ਦੇ ਨੇੜੇ ਉਸ ਦੇ ਪਿੰਡ ਦੀ ਇੱਕ ਔਰਤ ਸੰਗੀਤਾ (ਨਕਲੀ ਨਾਂਅ) ਚਾਹ ਦੀ ਰੇਹੜੀ ਲਾਉਂਦੀ ਹੈ। ਮਾਰਚ ਵਿੱਚ ਸੰਗੀਤਾ ਆਪਣੀ ਭੈਣ ਸਪਨਾ (ਨਕਲੀ ਨਾਂਅ) ਨਾਲ ਉਸ ਕੋਲ ਆਈ ਅਤੇ ਕਿਹਾ ਕਿ ਉਸ ਦੀ ਸ਼ੇਖਪੁਰਾ ਵਾਸੀ ਉਸ ਦੀ ਭੈਣ ਸਪਨਾ ਨੂੰ ਪੰਜ ਹਜ਼ਾਰ ਰੁਪਏ ਦੀ ਸਖਤ ਲੋੜ ਹੈ। ਉਸ ਨੇ ਪੰਜ ਹਜ਼ਾਰ ਰੁਪਏ ਦੇ ਦਿੱਤੇ। ਤੀਹ ਮਾਰਚ ਨੂੰ ਪੀੜਤ ਨੇ ਫੋਨ ਕੀਤਾ ਤਾਂ ਸਪਨਾ ਨੇ ਉਸ ਨੂੰ ਪੈਸੇ ਲੈਣ ਕਿਠਵਾੜੀ ਚੌਕ ਬੁਲਾਇਆ। ਪੀੜਤ ਜਦ ਕਿਠਵਾੜੀ ਚੌਕ ਗਿਆ ਤਾਂ ਸਪਨਾ ਉਸ ਨੂੰ ਸ਼ੇਖਪੁਰਾ ਵਿੱਚ ਆਪਣੇ ਘਰ ਲੈ ਗਈ। ਓਦੋਂ ਸਪਨਾ ਦੇ ਘਰ 'ਤੇ ਕੋਈ ਨਹੀਂ ਸੀ। ਸਪਨਾ ਨੇ ਓਥੇ ਪੀੜਤ ਦੇ ਨਾਲ ਅਸ਼ਲੀਲ ਵੀਡੀਓ ਬਣਾ ਲਈ। ਇਸੇ ਵੀਡੀਓ ਦੇ ਸਹਾਰੇ ਉਸ ਨੇ ਪੀੜਤ ਤੋਂ ਪੰਜ ਲੱਖ ਰੁਪਏ ਮੰਗੇ ਅਤੇ ਰੁਪਏ ਨਾ ਦੇਣ 'ਤੇ ਪੁਲਸ ਵਿੱਚ ਮੁਕੱਦਮਾ ਦਰਜ ਕਰਾਉਣ ਦੀ ਧਮਕੀ ਦਿੱਤੀ ਸੀ।

## ਸੀਰੀਆ ਤੋਂ ਆਈ ਐਸ ਅੱਤਵਾਦੀ ਪੁੱਤਰ ਨੂੰ ਛੁਡਾਉਣ ਦੀ ਅਪੀਲ

ਜੰਮੂ, 4 ਜੂਨ (ਪੋਸਟ ਬਿਊਰੋ)- ਜੰਮੂ ਕਸ਼ਮੀਰ ਪੁਲਸ ਨੇ ਕੇਂਦਰ ਸਰਕਾਰ ਨੂੰ ਇਕ ਕਸ਼ਮੀਰੀ ਪਿਤਾ ਦਾ ਪੱਤਰ ਭੇਜਿਆ ਹੈ। ਪੱਤਰ ਵਿੱਚ ਉਸ ਨੇ ਲਿਖਿਆ ਹੈ ਕਿ ਉਸ ਦਾ ਗ੍ਰੈਜੁਏਟ ਪੁੱਤਰ ਆਈ ਐਸ ਅੱਤਵਾਦੀਆਂ ਵਿੱਚ ਰਲ ਗਿਆ ਸੀ ਅਤੇ ਇਸ ਸਮੇਂ ਸੀਰੀਆ ਵਿੱਚ ਅਮਰੀਕੀ ਫੌਜ ਦੀ ਕੈਦ ਵਿੱਚ ਹੈ। ਉਸ ਨੂੰ ਲਿਆਉਣ ਲਈ ਸਰਕਾਰ ਮਦਦ ਕਰੇ। ਆਦਿਲ ਨੇ ਕੁਈਨਜ਼ਲੈਂਡ ਆਸਟਰੇਲੀਆ ਤੋਂ ਐਮ ਬੀ ਏ ਕੀਤੀ ਹੋਈ ਸੀ। ਇਸ ਸਾਲ ਉਸ ਨੇ ਆਈ ਐਸ ਦੇ ਹੋਰ ਮੈਂਬਰਾਂ ਨਾਲ ਅਮਰੀਕੀ ਫੌਜ ਅੱਗੇ ਆਤਮ ਸਮਰਪਣ ਕੀਤਾ ਸੀ। ਉਹ ਸਾਲ 2013 ਵਿੱਚ ਸੀਰੀਆ ਵਿੱਚ ਗਿਆ ਸੀ ਤੇ ਉਸ ਨੇ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਉਥੇ ਉਹ ਇਕ ਗੈਰ ਸਰਕਾਰੀ ਸੰਗਠਨ ਨਾਲ ਕੰਮ ਕਰ ਰਿਹਾ ਹੈ। ਉਸ ਦੇ ਪਿਤਾ ਫਿਆਜ਼ ਅਹਿਮਦ ਠੇਕੇਦਾਰ ਹਨ। ਉਹ ਉਸ ਨੂੰ ਭਾਰਤ ਲਿਆਉਣ ਲਈ ਇਕ ਥਾਂ ਤੋਂ ਦੂਜੀ ਥਾਂ ਸਿਫਾਰਸ਼ ਲਗਾ ਰਹੇ ਹਨ। ਉਨ੍ਹਾਂ ਨੂੰ ਆਸ ਹੈ ਕਿ ਕੇਂਦਰ ਦੀ ਨਵੀਂ ਸਰਕਾਰ ਉਨ੍ਹਾਂ ਦੇ ਪੁੱਤਰ ਨੂੰ ਲਿਆਉਣ ਵਿੱਚ ਮਦਦ ਕਰੇਗੀ।




## ਮਹਿਲਾ ਆਈ ਏ ਐੱਸ ਅਧਿਕਾਰੀ ਵੱਲੋਂ ਗਾਂਧੀ ਵਿਰੁੱਧ ਟਵੀਟ ਤੋਂ ਵਿਵਾਦ ਛਿੜਿਆ

ਮੁੰਬਈ, 4 ਜੂਨ (ਪੋਸਟ ਬਿਊਰੋ)- ਮੁੰਬਈ ਦੀ ਇੱਕ ਮਹਿਲਾ ਆਈ ਏ ਐਸ ਅਫਸਰ ਵੱਲੋਂ ਮਹਾਤਮਾ ਗਾਂਧੀ ਵਿਰੁੱਧ ਟਵੀਟ ਕਰਨ ਤੋਂ ਵਿਵਾਦ ਪੈਦਾ ਹੋ ਗਿਆ ਹੈ। ਆਪਣੇ ਟਵੀਟ ਵਿੱਚ ਇਸ ਅਧਿਕਾਰੀ ਨੇ ਸਾਰੀ ਦੁਨੀਆ ਤੋਂ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਤੇ ਭਾਰਤੀ ਕਰੰਸੀ ਵਿੱਚੋਂ ਉਨ੍ਹਾਂ ਦੀ ਤਸਵੀਰ ਹਟਾਉਣ ਲਈ ਕਿਹਾ ਸੀ। ਮਹਿਲਾ ਅਧਿਕਾਰੀ ਨੇ ਮਹਾਤਮਾ ਗਾਂਧੀ ਦੇ ਨਾਂਅ ਵਾਲੀਆਂ ਸੜਕਾਂ ਅਤੇ ਸੰਸਥਾਵਾਂ ਦਾ ਨਾਂਅ ਬਦਲਣ ਦੀ ਵੀ ਮੰਗ ਕੀਤੀ ਅਤੇ ਗਾਂਧੀ ਦਾ ਕਤਲ ਕਰਨ ਵਾਲੇ ਨੱਥੂਰਾਮ ਗੋਡਸੇ ਨੂੰ ਧੰਨਵਾਦ ਕਿਹਾ।



ਵਿਵਾਦ ਪੈਦਾ ਹੋਣ ਤੋਂ ਬਾਅਦ ਮਹਿਲਾ ਅਧਿਕਾਰੀ ਨਿਧੀ ਚੌਧਰੀ ਆਈ ਏ ਐੱਸ ਨੇ ਕਿਹਾ ਕਿ ਇਹ ਟਵੀਟ ਉਸ ਨੇ ਮਜ਼ਾਕ ਵਿੱਚ ਕੀਤਾ ਸੀ, ਜਿਸ ਦੀ ਗਲਤ ਵਿਆਖਿਆ ਕੀਤੀ ਗਈ ਹੈ। ਇਸ ਟਵੀਟ ਨੂੰ ਡਿਲੀਟ ਕਰ ਦਿੱਤਾ ਹੈ। ਕਾਂਗਰਸ ਪਾਰਟੀ ਨੇ ਇਹ ਟਵੀਟ ਕਰਨ ਵਾਲੀ ਮਹਿਲਾ ਅਧਿਕਾਰੀ ਨੂੰ ਸਸਪੈਂਡ ਕਰਨ ਦੀ ਮੰਗ ਕੀਤੀ ਹੈ। ਚੌਧਰੀ ਨੇ ਆਪਣੇ ਟਵੀਟ ਵਿੱਚ ਕਿਹਾ ਸੀ ਕਿ ਇਸ ਸਾਲ 150ਵੀਂ ਦਾ ਕਿੰਨਾ ਵਧੀਆ ਸੀਜ਼ਨ ਚੱਲ ਰਿਹਾ ਹੈ। ਸਮਾਂ ਆ ਗਿਆ ਹੈ ਕਿ ਅਪਣੇ ਨੋਟਾਂ ਤੋਂ ਗਾਂਧੀ ਦਾ ਚਿਹਰਾ ਹਟਾਈਏ, ਸਾਰੀ ਦੁਨੀਆ ਤੋਂ ਉਨ੍ਹਾਂ ਦੀਆਂ ਮੂਰਤੀਆਂ ਨੂੰ ਹਟਾਇਆ ਜਾਵੇ, ਉਨ੍ਹਾਂ ਦੇ ਨਾਂਅ ਵਾਲੀਆਂ ਸੜਕਾਂ ਦਾ ਨਵਾਂ ਨਾਂਅ ਰੱਖਿਆ ਜਾਵੇ। ਇਹੋ ਉਨ੍ਹਾਂ ਵੱਲੋਂ ਸੱਚੀ ਸ਼ਰਧਾਂਜਲੀ ਹੈ। ਆਲੋਚਨਾ ਹੋਣ ਤੋਂ ਬਾਅਦ ਉਸ ਨੇ ਕਿਹਾ ਕਿ ਮਹਾਤਮਾ ਗਾਂਧੀ ਦੀ ਆਤਮਕਥਾ ਨੂੰ ਉਨ੍ਹਾਂ ਸਭ ਤੋਂ ਵੱਧ ਪਸੰਦ ਹੈ ਤੇ ਉਨ੍ਹਾਂ ਦੇ ਟਵੀਟ ਨੂੰ ਗਲਤ ਸਮਝਿਆ ਗਿਆ ਹੈ।



## ਇਮਰਾਨ ਖਾਨ ਲਈ ਸੱਪ ਦੀ ਖੱਲ ਤੋਂ ਬਣਾਇਆ ਸੈਂਡਲ ਦਾ ਜੋੜਾ ਜ਼ਬਤ



ਇਸਲਾਮਾਬਾਦ, 4 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਲਈ ਸੱਪ ਦੀ ਖੱਲ ਤੋਂ ਬਣਾਇਆ ਗਿਆ ਸੈਂਡਲ ਦਾ ਜੋੜਾ ਜ਼ਬਤ ਕਰ ਲਿਆ ਗਿਆ ਹੈ। ਇਹ ਸੈਂਡਲ ਜੰਗਲੀ ਜੀਵ ਵਿਭਾਗ ਦੇ ਅਧਿਕਾਰੀਆਂ ਨੇ ਜ਼ਬਤ ਕੀਤਾ ਹੈ।

ਇਸ ਸੰਬੰਧ ਵਿੱਚ ਪਾਕਿਸਤਾਨੀ ਮੀਡੀਆ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਅਧਿਕਾਰੀਆਂ ਨੇ ਸ਼ਹਿਰ ਦੇ ਨਮਕ ਮੰਡੀ ਇਲਾਕੇ ਵਿੱਚ ਅਫਗਾਨ ਚੱਪਲ ਹਾਊਸ 'ਤੇ ਛਾਪਾ ਮਾਰਿਆ ਤਾਂ ਦੁਕਾਨ ਮਾਲਕ ਨੂਰੂਦੀਨ ਸ਼ਿਨਵਾਰੀ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਸੱਪ ਦੀ ਖੱਲ ਨੂੰ ਅਮਰੀਕਾ ਤੋਂ ਭੇਜਿਆ ਗਿਆ ਸੀ ਤੇ ਇਸ ਨਾਲ ਦੁਕਾਨ ਵਿੱਚ ਕਪਤਾਨ ਚੱਪਲ ਦੇ ਦੋ ਜੋੜੇ ਤਿਆਰ ਕਰਨ ਨੂੰ ਕਿਹਾ ਗਿਆ ਸੀ। ਇੱਕ ਸੈਂਡਲ ਦਾ ਜੋੜਾ ਖੱਲ ਭੇਜਣ ਵਾਲੇ ਲਈ ਅਤੇ ਦੂਸਰਾ ਇਮਰਾਨ ਖਾਨ ਲਈ ਬਣਾਉਣ ਲਈ ਕਿਹਾ ਗਿਆ ਸੀ। ਸੂਬੇ ਦੇ ਵਾਤਾਵਰਣ ਮੰਤਰੀ ਇਸ਼ਤਿਆਕ ਉਰਮੁਰ ਨੇ ਕਿਹਾ ਕਿ ਸੱਪ ਦੀ ਖੱਲ ਨਾਲ ਸੈਂਡਲ ਬਣਾਉਣਾ ਗੈਰ ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਜੇ ਉਹ ਸਾਬਿਤ ਹੋ ਜਾਂਦਾ ਹੈ ਕਿ ਜੋੜਾ ਅਸਲ ਵਿੱਚ ਸੱਪ ਦੀ ਖੱਲ ਨਾਲ ਬਣਿਆ ਹੈ ਤਾਂ ਫਿਰ ਇਸ ਨੂੰ ਬਣਾਉਣ ਵਾਲੇ ਮੋਚੀ ਨੂੰ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ ਅਤੇ ਨਾਲ ਹੀ ਜੁਰਮਾਨਾ ਭਰਨਾ ਪਵੇਗਾ।

# ਸ੍ਰੀਲੰਕਾ ਵਿਚ ਸਾਰੇ ਮੁਸਲਮਾਨ ਮੰਤਰੀਆਂ ਵੱਲੋਂ ਅਸਤੀਫ਼ਾ



ਅਸਤੀਫਾ ਦੇਣ ਮਗਰੋਂ ਸਾਰੇ 8 ਮੁਸਲਮਾਨ ਮੰਤਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

ਸ੍ਰੀਲੰਕਾ, 4 ਜੂਨ (ਪੋਸਟ ਬਿਊਰੋ)- ਸ੍ਰੀਲੰਕਾ ਵਿਚ ਬੋਧੀ ਭਾਈਚਾਰੇ ਦੇ ਭਿਖਸ਼ੂਆਂ ਦੇ ਮਰਨ ਵਰਤ ਤੇ ਇਸ ਇਲਾਕੇ ਦੇ ਤਣਾਅ ਭਰੇ ਮਾਹੌਲ ਨੂੰ ਦੇਖਦੇ ਹੋਏ ਸੋਮਵਾਰ ਦੋ ਮੁਸਲਮਾਨ ਗਵਰਨਰਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਕੁਝ ਦੇਰ ਬਾਅਦ ਸਾਰੇ ਮੁਸਲਮਾਨ ਮੰਤਰੀਆਂ ਨੇ ਵੀ ਅਸਤੀਫ਼ੇ ਦੇ ਦਿੱਤੇ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਪੱਛਮੀ ਸੂਬੇ ਦੇ ਗਵਰਨਰ ਅਜਥ ਸੱਲੀ ਅਤੇ ਪੂਰਬੀ ਸੂਬੇ ਦੇ ਗਵਰਨਰ ਐੱਮ ਏ ਐੱਲ ਐੱਮ ਹਿਸਬੁੱਲਾ ਨੇ ਅਪਣੇ ਅਸਤੀਫ਼ੇ ਰਾਸ਼ਟਰਪਤੀ ਮੈਤ੍ਰੀਪਾਲਾ ਸਿਰਿਸੈਨਾ ਨੂੰ ਦੇ ਦਿੱਤੇ ਤੇ ਰਾਸ਼ਟਰਪਤੀ ਮੈਤ੍ਰੀਪਾਲ ਸਿਰਿਸੈਨਾ ਨੇ ਗਵਰਨਰਾਂ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਇਸ ਤੋਂ ਕੁਝ ਦੇਰ ਪਿੱਛੋਂ ਅਤਿਵਾਦੀਆਂ ਦੇ ਸਮਰਥਨ ਦੇ ਦੋਸ਼ਾਂ ਦਾ ਵਿਰੋਧ ਕਰਦੇ ਹੋਏ ਕੇਂਦਰ ਦੇ ਸਾਰੇ ਅੱਠ ਮੁਸਲਮਾਨ ਮੰਤਰੀਆਂ, ਉਪ ਮੰਤਰੀਆਂ ਤੇ ਰਾਜ ਮੰਤਰੀਆਂ ਨੇ ਇਕੱਠੇ ਹੋ ਕੇ ਅਸਤੀਫ਼ਾ ਦੇ ਦਿੱਤਾ, ਪਰ ਉਹ ਪਾਰਟੀ ਤੋਂ ਵੱਖ ਨਹੀਂ ਹੋਏ ਤੇ ਇਸ ਨਾਲ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਦੇ ਪਾਰਲੀਮੈਂਟਰੀ ਗਠਜੋੜ ਉੱਤੇ ਕੋਈ ਖਤਰਾ ਨਹੀਂ ਹੈ। ਗਵਰਨਰ ਹਿਜ਼ਬੁਲਾਹ ਨੇ ਕਿਹਾ ਕਿ ਉਨ੍ਹਾਂ ਨੇ ਪੂਰਬੀ ਸੂਬੇ ਦੇ ਗਵਰਨਰ ਵਜੋਂ ਇਮਾਨਦਾਰੀ ਅਤੇ ਸੱਚਾਈ ਨਾਲ ਦੇਸ਼ ਦੇ ਹਰ ਭਾਈਚਾਰੇ ਦੇ ਹਿੱਤਾਂ ਲਈ ਕੰਮ ਕੀਤਾ, ਇਸ ਦੇ ਬਾਵਜੂਦ ਕੁਝ ਨਸਲਵਾਦੀ ਤਾਕਤਾਂ ਨੇ ਉਨ੍ਹਾਂ ਦੇ ਭਾਈਚਾਰੇ ਨੂੰ ਨਿਸ਼ਾਨਾ ਬਨਾਉਣ ਦੀ ਕੋਸ਼ਿਸ਼ ਲਈ ਬਿਨਾਂ ਕਾਰਨ ਉਨ੍ਹਾਂ ਦਾ ਅਸਤੀਫ਼ਾ ਮੰਗਿਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਸਰਕਾਰ ਨੂੰ ਮੁਸਲਮਾਨ ਭਾਈਚਾਰੇ ਦੀ ਰੱਖਿਆ ਲਈ ਮਜ਼ਬੂਤੀ ਦੇਵੇਗਾ। ਅਸਤੀਫ਼ੇ ਤੋਂ ਬਾਅਦ ਮੁਸਲਮਾਨ ਮੰਤਰੀਆਂ ਨੇ ਕਿਹਾ ਕਿ ਅਹੁਦਾ ਛੱਡਣ ਪਿੱਛੋਂ ਵੀ ਇਹ ਸਾਰੇ ਪਾਰਲੀਮੈਂਟ ਮੈਂਬਰ ਸਰਕਾਰ ਨਾਲ ਰਹਿ ਕੇ ਕੰਮ ਕਰਨਗੇ। ਵਰਨਣ ਯੋਗ ਹੈ ਕਿ 21 ਅਪ੍ਰੈਲ ਨੂੰ ਹੋਏ ਈਸਟਰ ਹਮਲਿਆਂ ਪਿੱਛੋਂ ਸ੍ਰੀਲੰਕਾ ਵਿਚ ਕੁਝ ਮੁਸਲਮਾਨ ਸੰਗਠਨਾਂ ਉੱਤੇ ਉਂਗਲੀਆਂ ਉੱਠੀਆਂ ਸਨ ਅਤੇ ਪਵਿੱਤਰ ਸ਼ਹਿਰ ਕੈਂਡੀ ਵਿਚ ਚਾਰ ਦਿਨ ਪਹਿਲਾਂ ਬੋਧੀ ਭਿਖਸ਼ੂ ਰਤਨਾ ਥਿਰੋ ਨੇ ਗਵਰਨਰਾਂ ਦੀ ਬਰਖ਼ਾਸਤੀ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ ਸੀ।

## ਸਮਝੌਤਾ ਹੋਵੇ ਜਾਂ ਨਾ, ਯੂਰਪੀ ਯੂਨੀਅਨ ਤੋਂ ਬ੍ਰਿਟੇਨ ਵੱਖ ਹੋਵੇਗਾ

ਲੰਡਨ, 4 ਜੂਨ (ਪੋਸਟ ਬਿਊਰੋ)- ਬ੍ਰਿਟੇਨ 'ਚ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ 'ਚ ਸਭ ਤੋਂ ਅੱਗੇ ਚੱਲਦੇ ਸਾਬਕਾ ਵਿਦੇਸ਼ ਮੰਤਰੀ ਬੋਰਿਸ ਜੌਨਸਨ ਨੇ ਕਿਹਾ ਹੈ ਕਿ ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਐਗਜ਼ਿਟ) ਦੇ ਲਈ ਸਮਝੌਤੇ ਨੂੰ ਪਾਰਲੀਮੈਂਟ ਮਨਜ਼ੂਰੀ ਦੇਵੇ ਜਾਂ ਨਾ, 31 ਅਕਤੂਬਰ ਨੂੰ ਸਬੰਧ ਤੋੜਨ ਦੀ ਪ੍ਰਕਿਰਿਆ ਪੂਰੀ ਹੋ ਜਾਵੇਗੀ।

ਇਸੇ ਨਾਲ ਕੱਲ੍ਹ ਬੋਰਿਸ ਜੌਨਸਨ ਨੇ ਆਪਣੀ ਉਮੀਦਵਾਰੀ ਨਾਲ ਜੁੜੀ ਮੁਹਿੰਮ ਵੀ ਸ਼ੁਰੂ ਕਰ ਦਿੱਤੀ। ਥੈਰੇਸਾ ਮੇਅ ਪਹਿਲਾਂ ਦੇ ਐਲਾਨ ਮੁਤਾਬਕ ਸੱਤ ਜੂਨ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਗੇ ਤੇ ਉਸ ਪਿੱਛੋਂ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨਵੇਂ ਨੇਤਾ ਦੀ ਚੋਣ ਪ੍ਰਕਿਰਿਆ ਸ਼ੁਰੂ ਕਰੇਗੀ। ਇਹ ਪ੍ਰਕਿਰਿਆ ਕਰੀਬ ਦੋ ਮਹੀਨੇ ਚੱਲ ਸਕਦੀ ਹੈ। ਬ੍ਰੈਗਜ਼ਿਟ ਦੀ ਪ੍ਰਕਿਰਿਆ ਲਈ ਪਾਰਟੀ ਨੂੰ ਇਕਜੁਟ ਨਾ ਰੱਖ ਸਕਣ ਕਾਰਨ ਥੈਰੇਸਾ ਨੂੰ ਅਸਤੀਫਾ ਦੇਣਾ ਪੈ ਰਿਹਾ ਹੈ। ਪਾਰਲੀਮੈਂਟ ਵਿੱਚ ਉਨ੍ਹਾਂ ਵੱਲੋਂ ਪੇਸ਼ ਸਮਝੌਤੇ ਦਾ ਮਤਾ ਤਿੰਨ ਵਾਰ ਡਿੱਗ ਗਿਆ ਸੀ। ਬੋਰਿਸ ਨੇ ਬ੍ਰੈਗਜ਼ਿਟ ਬਾਰੇ ਥੈਰੇਸਾ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉਠਾਏ ਸਨ ਤੇ ਉਸ ਤੋਂ ਬਾਅਦ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਅੱਗੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਬਣਨ ਦੀ ਸਥਿਤੀ 'ਚ ਬਿਨਾਂ ਸਮਝੌਤੇ ਦੇ ਵੀ ਬ੍ਰੈਗਜ਼ਿਟ ਪ੍ਰਕਿਰਿਆ ਪੂਰੀ ਕਰਨ ਦਾ ਐਲਾਨ ਕੀਤਾ ਹੈ।

ਬ੍ਰਿਟੇਨ ਯਾਤਰਾ 'ਤੇ ਆਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਹ ਹੀ ਸਲਾਹ ਦਿੱਤੀ ਹੈ। ਟਰੰਪ ਨੇ ਬੋਰਿਸ ਦੀ ਉਮੀਦਵਾਰੀ ਦਾ ਸਮਰਥਨ ਕੀਤਾ ਹੈ ਅਤੇ ਬੋਰਿਸ ਦੇ ਵਿਰੋਧੀ ਜੇਰੇਮੀ ਹੰਟ ਨੇ ਬਿਹਤਰ ਸਮਝੌਤੇ ਦੇ ਲਈ ਸਾਥੀਆਂ ਨਾਲ ਗੱਲਬਾਤ ਕਰਨ ਤੇ ਵਿਰੋਧੀ ਧਿਰ ਤੋ ਵੀ ਹਮਾਇਤ ਲੈਣ ਲਈ ਯਤਨ ਦੀ ਗੱਲ ਕੀਤੀ ਹੈ।

## ਵਾਤਾਵਰਨ ਬਦਲਾਅ ਦਾ ਖ਼ੁਰਾਕੀ ਵਸਤਾਂ ਦੇ ਉਤਪਾਦਨ ’ਤੇ ਪੈ ਰਿਹੈ ਅਸਰ



ਲੰਡਨ, 4 ਜੂਨ (ਪੋਸਟ ਬਿਊਰੋ)- ਵਾਤਾਵਰਨ ਬਦਲਾਅ ਦਾ ਮਾੜਾ ਪ੍ਰਭਾਵ ਕਣਕ ਅਤੇ ਝੋਨੇ ਸਮੇਤ ਅਹਿਮ ਫ਼ਸਲਾਂ ਦੇ ਉਤਪਾਦਨ ’ਤੇ ਪੈ ਰਿਹਾ ਹੈ। ਭਾਰਤੀ ਮੂਲ ਦੇ ਖੋਜੀਆਂ ਸਮੇਤ ਹੋਰਾਂ ਦਾ ਕਹਿਣਾ ਹੈ ਕਿ ਵਾਤਾਵਰਨ ਬਦਲਾਅ ਦਾ ਕੁਝ ਮੁਲਕਾਂ ’ਤੇ ਬਹੁਤ ਜ਼ਿਆਦਾ ਬੁਰਾ ਅਸਰ ਪੈ ਰਿਹਾ ਹੈ। ਦੁਨੀਆ ਦੀਆਂ 10 ਮੁੱਖ ਫ਼ਸਲਾਂ ਮੱਕੀ, ਸਰ੍ਹੋਂ, ਝੋਨਾ, ਕਣਕ, ਗੰਨਾ, ਸੋਇਆਬੀਨ, ਜਵਾਰ ਆਦਿ ਸਾਂਝੇ ਤੌਰ ’ਤੇ ਸਾਡੇ ਖੇਤਾਂ ’ਚ ਪੈਦਾ ਹੋਣ ਵਾਲੀ ਕੈਲੋਰੀ ਦਾ 83 ਫ਼ੀਸਦੀ ਦਿੰਦੀਆਂ ਹਨ। ਭਵਿੱਖ ਦੇ ਜਲਵਾਯੂ ਪਰਿਵਰਤਨ ਕਾਰਨ ਫ਼ਸਲਾਂ ਦੇ ਉਤਪਾਦਨ ’ਚ ਕਮੀ ਦੀ ਸੰਭਾਵਨਾ ਪਹਿਲਾਂ ਤੋਂ ਜਤਾਈ ਜਾ ਰਹੀ ਹੈ। ਰਸਾਲੇ ਪਲੋਸ ਵੰਨ ’ਚ ਪ੍ਰਕਾਸ਼ਿਤ ਅਧਿਐਨ ’ਚ ਦੱਸਿਆ ਗਿਆ ਹੈ ਕਿ ਵਾਤਾਵਰਨ ਬਦਲਾਅ ਕਾਰਨ ਊਰਜਾ ਦੇ ਇਨ੍ਹਾਂ ਅਹਿਮ ਸਰੋਤਾਂ ਦੇ ਉਤਪਾਦਨ ਪਹਿਲਾਂ ਹੀ ਪ੍ਰਭਾਵਿਤ ਹੋ ਚੁੱਕੇ ਹਨ। ਬ੍ਰਿਟੇਨ ਦੀ ਆਕਸਫੋਰਡ ਯੂਨੀਵਰਸਿਟੀ ਅਤੇ ਡੈਨਮਾਰਕ ਦੀ ਕੋਪਨਹੇਗਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਮੌਸਮ ਅਤੇ ਫ਼ਸਲ ਦੇ ਅੰਕੜਿਆਂ ਦੀ ਵਰਤੋਂ ਕਰਕੇ ਵਾਤਾਵਰਨ ਬਦਲਾਅ ਦੇ ਸੰਭਾਵਿਤ ਅਸਰ ਦਾ ਮੁਲਾਂਕਣ ਕੀਤਾ। ਉਨ੍ਹਾਂ ਦੇਖਿਆ ਕਿ ਵਾਤਾਵਰਨ ਬਦਲਾਅ ਕਾਰਨ ਦੁਨੀਆ ਦੀਆਂ ਸਿਖਰਲੀਆਂ 10 ਫ਼ਸਲਾਂ ਦੇ ਉਤਪਾਦਨ ’ਚ ਕਾਫੀ ਬਦਲਾਅ ਆਉਂਦਾ ਹੈ।

ਇਸ ’ਚ ਪਾਮ ਆਇਲ ਦੇ ਉਤਪਾਦਨ ’ਚ ਜਿਥੇ 13.4 ਫ਼ੀਸਦੀ ਦੀ ਕਮੀ ਆਈ ਉਥੇ ਸੋਇਆਬੀਨ ਦੇ ਉਤਪਾਦਨ ’ਚ 3.5 ਫ਼ੀਸਦੀ ਦਾ ਵਾਧਾ ਹੋਇਆ। ਅਮਰੀਕਾ ’ਚ ਮਿਨੇਸੋਟਾ ਯੂਨੀਵਰਸਿਟੀ ਦੇ ਦੀਪਕ ਰਾਏ ਨੇ ਕਿਹਾ,“ਇਸ ’ਚ ਕੁਝ ਨੂੰ ਲਾਭ ਤੇ ਕੁਝ ਨੂੰ ਨੁਕਸਾਨ ਹੁੰਦਾ ਹੈ ਅਤੇ ਜਿਨ੍ਹਾਂ ਮੁਲਕਾਂ ’ਚ ਖ਼ੁਰਾਕੀ ਅਸੁਰੱਖਿਆ ਹੈ ਉਥੇ ਹਾਲਾਤ ਹੋਰ ਵੀ ਖ਼ਰਾਬ ਹਨ।” ਉਨ੍ਹਾਂ ਕਿਹਾ ਕਿ ਇਹ ਅਧਿਐਨ ਸੰਕੇਤ ਦਿੰਦੇ ਹਨ ਕਿ ਭੂਗੋਲਿਕ ਖੇਤਰ ਅਤੇ ਫ਼ਸਲਾਂ ’ਤੇ ਖ਼ਤਰਾ ਹੈ ਜਿਨ੍ਹਾਂ ਤੋਂ ਨਵੇਂ ਸੁਆਲ ਪੈਦਾ ਹੁੰਦੇ ਹਨ। ਵਾਤਾਵਰਨ ਬਦਲਾਅ ਦਾ ਨਾਂਹਪੱਖੀ ਅਸਰ ਯੂਰੋਪ, ਦੱਖਣੀ ਅਫ਼ਰੀਕਾ ਅਤੇ ਆਸਟਰੇਲੀਆ ’ਚ ਹੈ ਜਦਕਿ ਲਾਤਿਨ ਅਮਰੀਕਾ ’ਚ ਹਾਂਪੱਖੀ ਅਤੇ ਏਸ਼ੀਆ, ਤੇ ਮੱਧ ਅਮਰੀਕਾ ’ਚ ਰਲਿਆ-ਮਿਲਿਆ ਅਸਰ ਹੈ। ਅਧਿਐਨ ’ਚ ਕਿਹਾ ਗਿਆ ਕਿ ਖ਼ੁਰਾਕੀ ਅਸੁਰੱਖਿਆ ਵਾਲੇ ਕਰੀਬ ਅੱਧੇ ਮੁਲਕਾਂ ’ਚ ਫ਼ਸਲ ਉਤਪਾਦਨ ’ਚ ਕਮੀ ਆ ਰਹੀ ਹੈ ਅਤੇ ਪੱਛਮੀ ਯੂਰੋਪ ਦੇ ਕੁਝ ਅਮੀਰ ਉਦਯੋਗਿਕ ਮੁਲਕਾਂ ’ਚ ਵੀ ਇਸ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ।

# ਚੀਨ ਨੇ ਪਾੜ੍ਹਿਆਂ ਨੂੰ ਕਿਹਾ, ਅਮਰੀਕਾ ਵਿੱਚ ਪੜ੍ਹਨ ਜਾਣਾ ਖਤਰੇ ਤੋਂ ਘੱਟ ਨਹੀਂ



ਬੀਜਿੰਗ, 4 ਜੂਨ (ਪੋਸਟ ਬਿਊਰੋ)- ਕਾਰੋਬਾਰੀ ਤਣਾਅ ਦੇ ਵਿਚਾਲੇ ਚੀਨ ਨੇ ਅਮਰੀਕਾ ਵਿੱਚ ਪੜ੍ਹਨ ਦੀ ਚਾਹਤ ਰੱਖਦੇ ਆਪਣੇ ਵਿਦਿਆਰਥੀਆਂ ਨੂੰ ਸਾਵਧਾਨ ਕੀਤਾ ਹੈ ਕਿ ਉਹ ਕਿਸੇ ਖਤਰੇ 'ਚ ਪੈ ਸਕਦੇ ਹਨ।

ਇਸ ਸੰਬੰਧ ਵਿੱਚ ਚੀਨ ਸਰਕਾਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਿਹਾ ਹੈ ਕਿ ਅਮਰੀਕਾ ਵੱਲੋਂ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਮਨ੍ਹਾਂ ਕੀਤਾ ਜਾ ਸਕਦਾ ਹੈ ਜਾਂ ਵੀਜ਼ਾ ਦੇਣ ਵਿੱਚ ਦੇਰੀ ਕੀਤੀ ਜਾ ਸਕਦੀ ਹੈ। ਚੀਨ ਸਰਕਾਰ ਨੇ ਇਹ ਚਿਤਾਵਨੀ ਓਦੋਂ ਜਾਰੀ ਕੀਤੀ ਹੈ, ਜਦੋਂ ਦੋਵਾਂ ਦੇਸ਼ਾਂ 'ਚ ਕਾਰੋਬਾਰੀ ਤਣਾਅ ਦੂਰ ਕਰਨ ਲਈ ਹੋ ਰਹੀ ਵਾਰਤਾ 'ਚ ਰੇੜਕਾ ਆ ਗਿਆ ਹੈ। ਅਮਰੀਕਾ ਇਸ ਵਕਤ ਚੀਨ 'ਤੇ ਦੋਸ਼ ਲਾਉਂਦਾ ਹੈ ਕਿ ਉਹ ਵਿਵਾਦਤ ਦੱਖਣੀ ਚੀਨ ਸਾਗਰ ਦਾ ਫੌਜੀਕਰਨ ਕਰ ਰਿਹਾ ਹੈ। ਬੀਤੇ ਕੁਝ ਮਹੀਨਿਆਂ 'ਚ ਅਮਰੀਕਾ ਦੇ ਕਈ ਅਧਿਕਾਰੀ ਤੇ ਪਾਰਲੀਮੈਂਟ ਮੈਂਬਰ ਇਹ ਚਿੰਤਾ ਜ਼ਾਹਰ ਕਰ ਚੁੱਕੇ ਹਨ ਕਿ ਚੀਨ ਦੀ ਕਮਿਊਨਿਸਟ ਸਰਕਾਰ ਚੀਨੀ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਜਾਸੂਸ ਵਜੋਂ ਇਸਤੇਮਾਲ ਕਰ ਸਕਦੀ ਹੈ। ਚੀਨ ਦੇ ਸਿੱਖਿਆ ਮੰਤਰਾਲੇ ਨੇ ਕੱਲ੍ਹ ਇਕ ਬਿਆਨ 'ਚ ਕਿਹਾ, ‘ਅਮਰੀਕੀ ਯੂਨੀਵਰਸਿਟੀਆਂ ਨੂੰ ਅਰਜ਼ੀ ਦੇ ਰਹੇ ਵਿਦਿਆਰਥੀਆਂ ਨੂੰ ਵੀਜ਼ਾ ਦੀਆਂ ਦਿੱਕਤਾਂ ਤੇ ਸਖਤ ਮੁੱਲਾਂਕਣ ਲਈ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਪਿੱਛੇ ਜਿਹੇ ਚੀਨੀ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵੀਜ਼ਾ ਹਾਸਲ ਕਰਨ ਲਈ ਕਈ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਹੈ।'

# ਆਸਟ੍ਰੇਲੀਅਨ ਸਮੇਤ ਲਾਪਤਾ 8 ਪਰਬਤਾਰੋਹੀਆਂ ’ਚੋਂ 5 ਦੀ ਮੌਤ



ਸਿਡਨੀ, 4 ਜੂਨ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦੇ ਹੈਲੀਕਾਪਟਰਾਂ ਨੇ ਲਾਪਤਾ ਹੋਏ 8 ਪਰਬਤਾਰੋਹੀਆਂ 'ਚੋਂ 5 ਦੀਆਂ ਲਾਸ਼ਾਂ ਉਤਰਾਖੰਡ ਦੇ ਨੰਦਾ ਦੇਵੀ ਪੂਰਬੀ ਪਹਾੜ 'ਤੇ ਸੋਮਵਾਰ ਨੂੰ ਦੇਖੀਆਂ ਗਈਆਂ । 8 ਮੈਂਬਰਾਂ ਦੀ ਟੀਮ 'ਚ ਬ੍ਰਿਟੇਨ, ਅਮਰੀਕਾ ਅਤੇ ਆਸਟ੍ਰੇਲੀਆ ਦੇ ਪਰਬਤਾਰੋਹੀ ਸਨ, ਜੋ ਨੰਦਾ ਦੇਵੀ ਪੂਰਬੀ ਚੋਟੀ 'ਤੇ ਚੜ੍ਹਨ ਦੌਰਾਨ ਲਾਪਤਾ ਹੋ ਗਏ ਸਨ। ਅਜੇ ਤਕ ਇਨ੍ਹਾਂ ਲਾਸ਼ਾਂ ਨੂੰ ਲਿਆਂਦਾ ਨਹੀਂ ਗਿਆ, ਜਿਸ ਕਾਰਨ ਮ੍ਰਿਤਕਾਂ ਦੀ ਪਛਾਣ ਵੀ ਨਹੀਂ ਹੋ ਸਕੀ।

ਪਿਥੌਰਾਗੜ੍ਹ ਦੇ ਡਿਪਟੀ ਕਮਿਸ਼ਨਰ ਵੀ. ਕੇ. ਜੋਗਦਾਂਡੇ ਨੇ ਦੱਸਿਆ ਕਿ ਹਵਾਈ ਫੌਜ ਦੇ ਹੈਲੀਕਾਪਟਰਾਂ ਨੇ ਸੋਮਵਾਰ ਨੂੰ ਤਲਾਸ਼ੀ ਮੁਹਿੰਮ ਦੌਰਾਨ 5 ਪਰਬਤਾਰੋਹੀਆਂ ਦੀਆਂ ਲਾਸ਼ਾਂ ਨੰਦਾ ਦੇਵੀ ਪੂਰਬੀ ਚੋਟੀ ਦੇ ਕੋਲ ਦੇਖੀਆਂ। ਉਨ੍ਹਾਂ ਕਿਹਾ ਕਿ ਚੋਟੀ ਦੇ ਕੋਲ ਚੜ੍ਹਾਈ ਦੌਰਾਨ ਸੰਭਵ ਹੈ ਕਿ ਬਰਫ ਖਿਸਕਣ ਕਾਰਨ ਇਨ੍ਹਾਂ ਦੀ ਮੌਤ ਹੋ ਗਈ ਹੈ। ਬ੍ਰਿਟੇਨ ਦੇ 4 ਪਰਬਤਾਰੋਹੀਆਂ ਨੂੰ ਐਤਵਾਰ ਨੂੰ ਬਚਾਉਣ ਦੇ ਬਾਅਦ ਉਨ੍ਹਾਂ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਹਵਾਈ ਤਲਾਸ਼ ਦੌਰਾਨ ਇਹ ਲਾਸ਼ਾਂ ਦੇਖੀਆਂ ਗਈਆਂ।

# ਯੋਗ ਬਜ਼ੁਰਗਾਂ ਦੀ ਮਾਨਸਿਕ ਸਿਹਤ ਵਿਚ ਕਰਦਾ ਹੈ ਵਾਧਾ



ਲੰਡਨ, 4 ਜੂਨ (ਪੋਸਟ ਬਿਊਰੋ)- ਯੋਗ ਅਭਿਆਸ ਕਰਨ ਨਾਲ ਬਜ਼ੁਰਗਾਂ ਵਿੱਚ ਮਸਲਜ਼ ਦੀ ਮਜ਼ਬੂਤੀ ਅਤੇ ਸੰਤੁਲਨ ਨੂੰ ਵਧਾਇਆ ਜਾ ਸਕਦਾ ਹੈ, ਨਾਲ ਇਸ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਵਿੱਚ ਵੀ ਸੁਧਾਰ ਹੋ ਸਕਦਾ ਹੈ। ਇਕ ਅਧਿਐਨ ਵਿੱਚ ਇਸ ਗੱਲ ਦੀ ਜਾਣਕਾਰੀ ਮਿਲੀ।

